ੴ ਸਤਿਗੁਰਪ੍ਰਸਾਦਿ ॥

# ਲੜੀਦਾਰ ਸਰੂਪ
# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ


*ਲੇਖਕ :*

**ਭਾਈ ਰਾਮ ਸਿੰਘ**


**ਭੇਟਾ : ਮੁਫਤ**

*(ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ)*

***੩੦੦ ਸਾਲਾ ਗੁਰਤਾ ਗੱਦੀ ਨੂੰ ਸਮਰਪਿਤ***



***ਸਾਹਿਬ ਸ੍ਰੀ ਗੁਰੂ ਸਾਹਿਬ ਜੀ ਦੇ ੩੦੦ ਸਾਲਾ ਗੁਰਤਾ ਗੱਦੀ ਦਿਵਸ ਨੂੰ ਮਨਾਉਣ ਲਈ***

## ਉਦਮ ਉਪਰਾਲੇ ਜੋਦੜੀ ਸਹਿਤ

ਅਸੀਂ ਸਾਰੇ ਵਡਭਾਗੇ ਹਾਂ ਜਿਨ੍ਹਾਂ ਨੂੰ ੧੯੬੬ ਈਸਵੀ ਤੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤ੍ਰੈ ਸ਼ਤਾਬਦੀ ਪ੍ਰਕਾਸ਼ ਉਤਸਵ ਤੋਂ ਲਗਾਤਾਰ ਗੁਰੂ ਸਾਹਿਬਾਨ ਦੀਆਂ ਸ਼ਤਾਬਦੀਆਂ ਮਨਾਉਣ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ । ਸਾਰੀਆ ਧਾਰਮਿਕ ਸੰਸਥਾਵਾਂ, ਸੰਪਰਦਾਵਾਂ ਤੇ ਸਮੂਹ ਨਾਨਕ ਨਾਮ ਲੇਵਾ, ਗੁਰੂ ਪੰਥ ਨੂੰ ਸਮਰਪਿਤ ਸੰਗਤਾਂ ਆਪੋ-ਆਪਣੇ ਤਰੀਕਿਆਂ ਨਾਲ ਇਹ ਸ਼ਤਾਬਦੀਆਂ ਮਨਾਉਂਦੀਆਂ ਆ ਰਹੀਆਂ ਹਨ। ਇਹ ਸਾਰੇ ਉਪਰਾਲੇ ਆਪੋ ਆਪਣੀ ਥਾਂ ਮੁਬਾਰਕ ਹਨ ਪ੍ਰੰਤੂ ਕਰੋੜਾਂ ਰੁਪਏ ਖਰਚ ਕੇ ਵੀ ਪੰਥ ਦੀ ਕਿਤਨੀ-ਕੁ ਚੜ੍ਹਦੀ ਕਲਾ ਹੋਈ ਹੈ ਉਹ ਸਾਡੇ ਸਾਰਿਆਂ ਦੇ ਸਾਹਮਣੇ ਹੈ। ਪਤਿਤਪੁਣਾ, ਰੋਮਾਂ ਦੀ ਬੇਅਦਬੀ ਅਤੇ ਨਸ਼ੇ ਵਰਗੇ ਦੈਂਤ ਕੌਮ ਨੂੰ ਸੰਘਾਰਨ ਲਈ ਮੂੰਹ ਅੱਡੀ ਖੜ੍ਹੇ ਹਨ ਅਤੇ ਇਹ ਬਿਮਾਰੀਆਂ ਦਿਨੋ-ਦਿਨ ਕੈਂਸਰ ਦੀ ਬਿਮਾਰੀ ਵਾਂਗ ਵਧ ਰਹੀਆਂ ਹਨ।

ਇਸ ਸਾਲ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਲੋਕ ਗਮਨ ਦੀ ਤ੍ਰੈ ਸ਼ਤਾਬਦੀ ਸੰਗਤਾਂ ਵਲੋਂ ਮਨਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਜਿਸ ਵਿਚ ਵੱਡੇ-ਵੱਡੇ ਨਗਰ ਕੀਰਤਨ, ਜਾਗਰਤੀ ਯਾਤਰਾਵਾਂ, ਕੀਰਤਨ ਦਰਬਾਰ ਅਤੇ ਗੁਰੂ ਸਾਹਿਬ ਨੂੰ ਸਮਰਪਿਤ ਮਾਰਗ ਆਦਿ ਉਸਾਰੇ ਜਾ ਰਹੇ ਹਨ। ਪਿਛਲੀਆਂ ਸ਼ਤਾਬਦੀਆਂ ਵਾਂਗ ਇਸ ਸ਼ਤਾਬਦੀ ਦਾ ਕੌਮ ਨੂੰ ਕਿਤਨਾ ਕੁ ਲਾਭ ਹੋਵੇਗਾ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪ੍ਰੰਤੂ ਇਹ ਸ਼ਤਾਬਦੀ ਮਨਾਉਣ ਦਾ ਉਪਰਾਲਾ ਤਦ ਹੀ ਸਫਲ ਹੋਵੇਗਾ ਜੇਕਰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਰੂਪ (ਲੜੀਦਾਰ ਸਰੂਪ) ਜਿਸ ਵਿਚ ਦਸਵੇਂ ਨਾਨਕ (ਕਲਗੀਧਰ ਪਿਤਾ) ਨੇ ਪਹਿਲੇ ਨਾਨਕ ਤੋਂ ਜਾਮੇ ਬਦਲ ਕੇ ਆ ਰਹੀ ਗੁਰੂ-ਜੋਤ ਨੂੰ ਕਲਜੁਗ ਦੇ ਉਧਾਰ ਵਾਸਤੇ ਹਮੇਸ਼ਾਂ ਵਾਸਤੇ

ਟਿਕਾ ਕੇ ਦੇਹਧਾਰੀ ਪ੍ਰੰਪਰਾ ਖਤਮ ਕੀਤੀ ਤੇ ਸ਼ਬਦ ਗੁਰੂ ਦੇ ਲੜ ਲਾਇਆ) ਨੂੰ ਸਾਰੇ ਜਗਤ ਵਿਚ ਪ੍ਰਕਾਸ਼ ਕਰਨ ਦਾ ਉਪਰਾਲਾ ਕਰੀਏ। ਧੁਰੋਂ ਦਰਗਾਹੋਂ ਆਈ ਬਾਣੀ ਨੂੰ ਗੁਰੂ ਸਾਹਿਬਾਨ ਨੇ ਉਚਾਰ ਕੇ ਪਹਿਲਾਂ ਪੋਥੀਆਂ ਵਿਚ ਅੰਕਿਤ ਕੀਤਾ। ਕਲਜੁਗ ਦੇ ਉਧਾਰ ਵਾਸਤੇ ਅਤੇ ਭਵਿੱਖ ਵਿਚ ਬਾਣੀ ਵਿਚ ਪੈਣ ਵਾਲੇ ਰਲੇ ਤੋਂ ਰੋਕਣ ਲਈ ਪੰਜਵੇਂ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰੀ ਬਾਣੀ ਇਕੱਤਰ ਕਰਕੇ ਖਾਸ ਮਰਿਆਦਾ/ਤਰਤੀਬ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਕੀਤੀ, ਜਿਸ ਵਿਚ ਗੁਰੂ ਸਾਹਿਬਾਨ ਤੋਂ ਇਲਾਵਾ ਭਗਤਾਂ/ਭੱਟਾਂ ਤੇ ਹੋਰ ਤਿੰਨ ਗੁਰਸਿੱਖਾਂ ਦੀ ਗੁਰਮਤਿ ਅਨੁਸਾਰ ਪ੍ਰਵਾਨਤ ਬਾਣੀ ਸ਼ਾਮਲ ਕੀਤੀ। ਸਮੁੱਚੀ ਬਾਣੀ ਨੂੰ ਲੜੀਦਾਰ ਜੁੜਵੇਂ ਅੱਖਰਾਂ ਵਿਚ ਲਿਖਵਾਇਆ। ਦਸਵੇਂ ਨਾਨਕ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਚੜ੍ਹਾਉਣ ਲਈ (ਧੀਰ ਮਲੀਆ ਵਲੋਂ ਆਦਿ ਬੀੜ ਦੇਣ ਲਈ ਨਾਂਹ ਕਰਨ ਤੇ) ਅੰਤਰ-ਆਤਮੇ ਫਿਰ ਸਾਰੀ ਬਾਣੀ ਦਾ ਉਚਾਰਨ ਕਰਕੇ ਭਾਈ ਮਨੀ ਸਿੰਘ ਜੀ ਕੋਲੋਂ ਬੀੜ ਲਿਖਵਾਈ ਜਿਸ ਨੂੰ ਦਮਦਮੀ ਬੀੜ ਕਿਹਾ ਜਾਂਦਾ ਹੈ। ਇਹ ਬੀੜ ਵੀ ਲੜੀਦਾਰ ਜੁੜਵੇਂ ਅੱਖਰਾਂ ਵਿਚ ਲਿਖਵਾਈ ਗਈ, ਜਿਸ ਪਿਛੋਂ ਸ਼ਹੀਦ ਬਾਬਾ ਦੀਪ ਸਿੰਘ ਜੀ ਅਤੇ ਹੋਰ ਲਿਖਾਰੀਆਂ ਵਲੋਂ ਵੀ ਉਤਾਰੇ ਕੀਤੇ ਗਏ ਜੋਕਿ ਸਾਰੇ ਹੀ ਜੁੜਤ ਅੱਖਰਾਂ ਵਿਚ ਸਨ ਪ੍ਰੰਤੂ ੨੦ਵੀਂ ਸਦੀ ਦੇ ਆਰੰਭ ਵਿਚ ਛਾਪੇਖਾਨੇ ਦੀ ਈਜਾਦ ਹੋਣ ਨਾਲ ਵਪਾਰੀ ਵਰਗ ਲੋਕਾਂ ਵਲੋਂ ਧੁਰੋਂ ਆਈ ਬਾਣੀ ਦੇ ਸ਼ਬਦ ਜੋੜਾਂ ਨੂੰ ਨਿਖੇੜ ਕੇ ਪਦ ਛੇਦ ਸਰੂਪ ਦੀ ਛਾਪਨਾ ਕੀਤੀ ਗਈ, ਜਿਸ ਦਾ ਉਸ ਸਮੇਂ ਪ੍ਰਮੁਖ ਧਾਰਮਿਕ ਜਥੇਬੰਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਚੀਫ ਖਾਲਸਾ ਦੀਵਾਨ ਨੇ ਆਪਣੇ ਮਤਿਆਂ ਰਾਹੀਂ ਇਸ ਦਾ ਵਿਰੋਧ ਕੀਤਾ ਤੇ ਮਨਮਤ ਦਾ ਦਰਜਾ ਦਿੱਤਾ ਪ੍ਰੰਤੂ ਸਮੇਂ ਨਾਲ ਢਿਲਿਆਈ ਤੇ ਸੁਖ ਰਹਿਣੀ ਬਿਰਤੀਆਂ ਕਾਰਨ ੧੯੪੫-੫੦ ਈਸਵੀ ਦੀ ਮਨਮਤਿ ੨੫-੩੦ ਸਾਲ ਬਾਅਦ ਗੁਰਮਤਿ ਬਣ ਗਈ ਜਦੋਂ ਸ਼੍ਰੋਮਣੀ ਕਮੇਟੀ ਨੇ ਖੁਦ ਹੀ ਪਦ ਛੇਦ ਬੀੜਾਂ ਛਾਪਣੀਆਂ ਸ਼ੁਰੂ ਕਰ ਦਿੱਤੀਆਂ। ਜਿਸ ਦੇ ਫਲਸਰੂਪ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋ ਸਰੂਪ ਪ੍ਰਚਲਤ ਹਨ ਪ੍ਰੰਤੂ ਬੋਲਬਾਲਾ, ਪਦ ਛੇਦ ਸਰੂਪ ਦਾ ਹੀ ਹੈ। ਜਿਸ ਚਾਲ (ਸਪੀਡ) ਨਾਲ ਪਦ ਛੇਦ ਸਰੂਪ



ਛਪ ਰਹੇ ਹਨ ਅਤੇ ਲੜੀਦਾਰ ਸਰੂਪ ਵਲੋਂ ਅਣਗਹਿਲੀ ਕੀਤੀ ਜਾ ਰਹੀ ਹੈ, ਲਗਦਾ ਹੈ, ਆਉਣ ਵਾਲੇ ਸਮੇਂ ਵਿਚ ਲੜੀਦਾਰ ਸਰੂਪ ਜਿਸ ਵਿਚ ਗੁਰੂ ਸਾਹਿਬ ਨੇ ਗੁਰੂ ਜੋਤ ਟਿਕਾਈ ਸੀ, ਅਲੋਪ ਹੀ ਹੋ ਜਾਣਗੇ।

ਅਖੰਡ ਕੀਰਤਨੀ ਜਥੇ ਦੇ ਜਥੇਦਾਰ ਸਵਰਗੀ ਭਾਈ ਰਾਮ ਸਿੰਘ ਜੀ ਵਲੋਂ ਸਮੇਂ ਸਮੇਂ ਇਸ ਸੰਬੰਧੀ ਆ ਰਹੀ ਢਿਲਿਆਈ ਲਈ ਲੇਖ ਲਿਖੇ ਗਏ ਸਨ ਜਿਸ ਵਿਚ ਗੁਰਬਾਣੀ ਤੇ ਇਤਿਹਾਸ ਰਾਹੀਂ ਅਕੱਟ ਦਲੀਲਾਂ ਰਾਹੀਂ ਸਿੱਧ ਕੀਤਾ ਗਿਆ ਹੈ ਕਿ ਗੁਰੂ ਸਾਹਿਬ ਦਾ ਲੜੀਦਾਰ ਸਰੂਪ ਹੀ ਛਾਪਣਾ ਤੇ ਪ੍ਰਕਾਸ਼ ਕਰਨਾ ਵਾਜਿਬ ਹੈ। ਇਨ੍ਹਾਂ ਲੇਖਾਂ ਨੂੰ ਸੂਰਾ ਮਾਸਕ ਪੱਤਰ ਨੇ ਟ੍ਰੈਕਟ ਦੇ ਰੂਪ ਵਿਚ ਸੰਗਤਾਂ ਦੇ ਵਿਚਾਰਨ ਲਈ ਛਾਪਿਆ ਸੀ। ਹੁਣ ਫਿਰ ਸੇਵਕਾਂ ਵਲੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੦੦ ਸਾਲਾ ਗੁਰਤਾ ਗੱਦੀ ਦਿਵਸ ਸਮੇਂ ਇਹ ਟ੍ਰੈਕਟ ਸੰਗਤਾਂ ਅੱਗੇ ਪੇਸ਼ ਕੀਤਾ ਜਾ ਰਿਹਾ ਹੈ ਤਾਂ ਕਿ ਸੰਗਤਾਂ ਇਸ ਨੂੰ ਪੜ੍ਹ ਕੇ ਕੌਮ ਦੇ ਮੁੱਖ ਪ੍ਰਬੰਧਕਾਂ, ਸੰਸਥਾਵਾਂ ਨੂੰ ਮਜ਼ਬੂਰ ਕਰਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ (ਜਿਸ ਨਾਲ ਸਾਨੂੰ ਗੁਰੂ ਸਾਹਿਬ ਨੇ ਲੜ ਲਾਇਆ ਸੀ) ਦਾ ਇਕੋ ਸਰੂਪ (ਲੜੀਦਾਰ) ਹੀ ਛਾਪਿਆ ਜਾਵੇ (ਪਦ ਛੇਦ ਸਰੂਪ ਛਾਪਣੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਹੁਕਮਨ ਬੰਦ ਕੀਤੇ ਜਾਣ) ਤੇ ਜਿਥੇ ਕਿਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ ਉਹ ਕੇਵਲ ਲੜੀਦਾਰ ਸਰੂਪ ਦਾ ਹੀ ਹੋਵੇ। ਸੰਗਤਾਂ ਲਈ ਬਾਣੀ ਦੀ ਸੰਥਿਆ ਅਤੇ ਅਭਿਆਸ ਕਰਨ ਲਈ ਛੋਟੀਆਂ ਸੈਂਚੀਆਂ, ਪੋਥੀਆਂ ਅਤੇ ਗੁਟਕੇ ਆਦਿ ਦਾ ਪ੍ਰਬੰਧ ਕੀਤਾ ਜਾਵੇ। ਇਸ ਤਰ੍ਹਾਂ ਹੀ ਸਾਡੇ ਸਭ ਦਾ ਤ੍ਰੈਸ਼ਤਾਬਦੀ ਮਨਾਉਣ ਦਾ ਉਪਰਾਲਾ ਸਫਲ ਹੋ ਸਕੇਗਾ।

**ਬਾਣੀ ਦਾ ਅਸ਼ੁਧ ਪਾਠ ਕਰਨਾ ਵੀ ਘੋਰ ਪਾਪ ਹੈ। ''**

(ਸਿੰਘ ਸਭਾ ਪਤ੍ਰਕਾ, ਪੰਨਾ ੧੨੧,ਨਵੰਬਰ ੧੯੭੯

ਗਿ: ਗੁਰਦਿਤ ਸਿੰਘ ਜ: ਸਕੱਤਰ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ

**'ਪਦ-ਛੇਦ ਬੀੜ ਦਾ ਪ੍ਰਕਾਸ਼ ਕਰਨਾ ਨਾਜਾਇਜ਼ ਹੈ।'**

ਮਤਾ ਨੰ: ੨੬੮੨, ਮਿਤੀ ੨੧-੧-੧੯੪੫, ਚੀਫ ਖਾਲਸਾ ਦੀਵਾਨ

**'ਜਿਤਨਾ ਚਿਰ ਪੰਥਕ ਤੌਰ ਤੇ ਇਸ ਬਾਰੇ ਕੋਈ ਫੈਸਲਾ ਨਾ ਹੋ ਜਾਵੇ....ਪਦ-ਛੇਦ ਬੀੜ ਨਹੀਂ ਛਾਪਣੀ ਚਾਹੀਦੀ ਅਤੇ ਨਾ ਹੀ ਪਦ-ਛੇਦ ਬੀੜ ਦਾ ਪ੍ਰਕਾਸ਼ ਹੋਣਾ ਚਾਹੀਦਾ ਹੈ।''**

(ਗੁਰਮਤਾ ਨੰ: ੭ ਮਿਤੀ ੧-੧-੧੯੫੦ ਧਾਰਮਕ ਕਮੇਟੀ
ਸ਼੍ਰੋ: ਗੁ: ਪ੍ਰ: ਕ:)



# ਅਰੰਭਕ ਸ਼ਬਦ

ਗੁਰੂ ਨਾਨਕ ਸਾਹਿਬ ਦੇ ਦਸੋਂ ਜਾਮਿਆਂ ਨੇ ਬੇਅੰਤ ਕੌਤਕ ਰਚੇ ਅਤੇ ਪਰਲੇ ਦਰਜੇ ਦੀਆਂ ਘਾਲਣਾਂ ਘਾਲੀਆਂ। ਇਨ੍ਹਾਂ ਸਮੂਹ ਘਾਲਾਂ ਅਤੇ ਕੌਤਕਾਂ ਦੇ ਫਲਸਰੂਪ ਖ਼ਾਲਸਾ ਜੀ ਦਾ ਰੂਪ, ਰਹਿਤ, ਬਹਿਤ ਅਤੇ ਮਰਯਾਦਾ ਦੁਨੀਆਂ ਤੋਂ ਨਿਆਰੀ ਸਾਜੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਅਤੇ ਗੁਰੂ ਘਰੋਂ ਗੁਰ-ਦੀਖਿਅਤ ਹੋਣ ਦੀ ਮਰਯਾਦਾ (ਖੰਡੇ ਦੀ ਪਾਹੁਲ) ਭੀ ਨਿਆਰੀ ਸਾਜੀ। ਦੁਨੀਆਂਦਾਰ, ਦੇਹਧਾਰੀ-ਗੁਰੂ ਦੇ ਚਰਨੀਂ ਲਗਣ ਦੇ ਆਦੀ ਸਨ, ਖਾਲਸੇ ਨੂੰ ਕਲਗੀਧਰ ਪਾਤਸ਼ਾਹ ਜੀ ਨੇ ਗੁਰਬਾਣੀ (ਗੁਰੂ ਗ੍ਰੰਥ ਸਾਹਿਬ ਜੀ) ਦੇ ਚਰਨੀਂ ਲਾ ਦਿੱਤਾ। ਬਾਣੀ ਅਕਾਲ ਪੁਰਖ ਜੁ ਹੋਈ

**(ਵਾਹੁਵਾਹੁਬਾਣੀਨਿਰੰਕਾਰਹੈ-੫੧੫)**

ਪੂਰੇ ਗੁਰੂ ਨੇ ਪੂਰਾ ਖਾਲਸਾ ਸਾਜ ਕੇ ਪੂਰੇ ਦੇ ਚਰਨੀਂ ਲਾ ਦਿਤਾ। (**ਪੂਰੇਕਾਕੀਆ ਸਭਕਿਛੁਪੂਰਾ ੧੪੧੨**)। ਪੂਰੇ ਖਾਲਸੇ ਦੀ ਸੁਥਰੀ ਰਹਿਤ ਪੂਰੀ, ਸੱਚੀ ਕਮਾਈ ਪੂਰੀ ਅਤੇ ਪਵਿੱਤਰ ਖ਼ੁਰਾਕ ਪੂਰੀ) ਖਾਲਸੇ ਦੀ ਇਹ ਸਮੁੱਚੀ ਝਲਕ ਇਸ ਦੀ ਰੂੜ੍ਹੀ ਰੂਪਾਵਲੀ ਹੈ। ਅਕਾਲ ਪੁਰਖ ਦਾ ਨਾਮ ਰੂੜ੍ਹੋ ਹੈ। ਉਸ ਦਾ ਸਭ ਕਿਛ ਹੀ ਰੂੜ੍ਹੋ ਹੈ। ਨਿਰੰਕਾਰ, ਗੁਰੂ, ਪਾਰਬ੍ਰਹਮ, ਗੁਰੂ ਗ੍ਰੰਥ ਸਾਹਿਬ ਗੁਰਬਾਣੀ (**ਪਾਰਬ੍ਰਹਮਗੁਰਨਾਹੀ ਭੇਦ ੧੧੪੨**) ਦਾ ਰੂਪ ਰੂੜ੍ਹੋ ਹੈ। ਉਹ ਰੂੜ੍ਹੋ ਰੂਪ ਲੜੀਦਾਰ ਹੈ, ਜਿਸ ਦੀ ਸਾਜਨਾ ਰੂੜ੍ਹੋ ਰੂਪ ਵਾਲੇ ਨੇ ਆਪ ਕੀਤੀ ਹੈ। ਰੂੜ੍ਹੀ ਬਾਣੀ ਦਾ ਇਹ ਰੂੜ੍ਹੋ ਰੂਪ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) 'ਰੂੜ੍ਹੋ ਰਮਈਏ' ਨੇ ਆਪ ਸੰਵਾਰਿਆ ਹੈ। ਇਸ ਰੂਪ ਵਿਚ ਕਿਸੇ ਪਰਕਾਰ ਦੀ ਤਰਮੀਮ ਦੀ ਗੁਜਾਇਸ਼ ਨਹੀਂ ਹੈ। ਮਹਾਂ ਪੁਰਖ ਦੀ ਇਹ ਬਾਣੀ ਜਿਸ ਰੂਪ ਵਿਚ ਸੀ,ਓਸੇ ਰੂਪ ਵਿਚ ਹੀ,ਪੰਜਵੇ-ਦਸਵੇਂ ਨਾਨਕ ਨੇ ਸੰਸਾਰੀਆਂ ਦੀ ਨਿਗਾਹ-ਗੋਚਰੀ ਕਰਨ ਲਈ ਅੰਕਿਤ ਕੀਤੀ ਅਤੇ ਸਤਿਕਾਰੀ।

**''ਪੂਰੇਕਾਕੀਆਸਭਕਿਛੁਪੂਰਾਘਟਿਵਧਿਕਿਛੁਨਾਹੀ (੧੪੧੨)।।''**

ਪੂਰੇ ਅਤੇ ਨਿਆਰੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਦਾਰ ਸਰੂਪ ਭੀ ਨਿਆਰਾ, ਪੂਰਾ ਅਤੇ ਚੜ੍ਹਦੀ ਕਲਾ ਵਾਲਾ।

ਇਸ ਟ੍ਰੈਕਟ ਦੇ ਅਗਲੇ ਪੰਨਿਆਂ ਵਿਚ ਕੁਝ ਉਪਰਾਲੇ ਹਨ, ਜਿਨ੍ਹਾਂ ਰਾਹੀਂ ਇਹ ਗੱਲ ਸਪਸ਼ਟ ਹੋ ਜਾਏਗੀ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਕਲਾ-ਕ੍ਰਿਸ਼ਮੀ ਰੂੜ੍ਹੋ ਰੂਪ, ਅਕਾਲੀ ਰੂਪ, ਪੂਰੇ ਗੁਰੂ ਨਾਨਕ ਦਾ ਆਪਣਾ ਗਿਣਿਆ ਮਿਥਿਆ ਸਾਜਿਆ ਰੂਪ, ਲੜੀਦਾਰ ਰੂਪ ਹੀ ਹੈ। ਗੁਰਬਾਣੀ ਅੰਦਰਿ ਇਹ ਹੁਕਮ ਦਰਸਾਇਆ ਹੈ ਕਿ (**ਹਮਭੂਲਹਤੁਮਸਦਾਅਭੂਲਾ (੧੨੧੩)।।** ਜੇ ਗੁਰੂ ਪਾਰਬ੍ਰਹਮ ਸਦਾ 'ਅਭੂਲਾ' ਹੈ (ਜੋ ਕਿ ਸਤਿ ਹੈ) ਤਾਂ ਲੜੀਦਾਰ ਸਰੂਪ ਤਿਆਰ ਕਰਨ ਸਮੇਂ ਭੀ 'ਅਭੂਲਾ' ਸੀ। ਅਤੇ 'ਹਮ' (ਅਸੀਂ, ਪਦ ਛੇਦ ਸਰੂਪ ਦੀ ਕਾਢ ਕਢਣ ਵਾਲੇ) ਸਦਾ ਹੀ ''ਭੂਲਹ'' (ਭੁਲਣਹਾਰ) ਹਾਂ।

**ਰਾਮ ਸਿੰਘ**

ਸੁਕਐਡਰਨ ਲੀਡਰ (ਰੀ:)

# ਭੂਮਿਕਾ

ਗੁਰੂ ਕੀ ਬਾਣੀ, ਧੁਰ ਦਰਗਾਹੀ ਬਾਣੀ, ਧੁਰੋਂ ਅਵਤਰੀ ਬਾਣੀ, ਕਰਤਾ ਪੁਰਖ ਦੀ ਬਾਣੀ ਹੈ। ਇਹ ਬਾਣੀ ਨਿਰੰਕਾਰ ਸਰੂਪ ਹੈ। ਇਸ ਨਿਰੰਕਾਰ ਸਰੂਪ ਬਾਣੀ ਦੀ ਗੁਹਜ-ਕਲਾ ਨੂੰ ਨਿੱਜ ਅਕਲਾਂ ਨਾਲ ਸਮਝਣਾ ਮਨ-ਹਠ ਹੀ ਹੈ। ਕਿਸੇ ਵਿਰਲੇ ਗੁਰੂ-ਵਰੋਸਾਇ ਹਿਰਦੇ ਵਿੱਚ ਹੀ ਗੁਰਬਾਣੀ ਦੀ ਗੁਹਜ-ਕਲਾ ਦੀ ਸੋਝੀ ਹੋ ਆਉਂਦੀ ਹੈ। ਗੁਰਬਾਣੀ ਵਿਚ ਲੀਨ ਹੋਇਆ ਹਿਰਦਾ ਹੀ ਗੁਰਬਾਣੀ ਦੀ ਵੀਚਾਰ ਦਸ ਸਕਦਾ ਹੈ, ਨਹੀਂ ਤਾਂ ਨਿਰੇ ਬੁੱਧੀ ਮੰਡਲ ਵਿਚ ਵਿਚਰਨ ਵਾਲੇ ਪ੍ਰਾਣੀ ਦੁਨਿਆਵੀ ਵਿਦਿਆਵਾਂ ਦੇ ਬਲ-ਬੋਤੇ ਗੁਰਬਾਣੀ ਨੂੰ ਸਮਝਾਉਣ ਦੀਆਂ ਡੀਂਗਾ ਮਾਰਦੇ ਫਿਰਨ ਤਾਂ ਉਹ ਨਿਰੀ ਮਨਮਤੀ ਕਪੋਲ ਕਿਰਿਆ ਹੈ।

ਹਰੇਕ ਗੁਰਸਿੱਖ ਲਈ ਗੁਰਬਾਣੀ ਪੜ੍ਹਨਾ ਅਤੇ ਗੁਰਬਾਣੀ ਨੂੰ ਵੀਚਾਰਨਾ ਅਤਿ ਜ਼ਰੂਰੀ ਹੈ। ਪਰ ਜੇ ਹਰ ਕੋਈ ਉੱਠ ਕੇ, ਬਿਨਾਂ ਗੁਰਮੁਖੀ ਜੀਵਨ ਜੀਣ ਦਾ ਉਪਰਾਲਾ ਕੀਤਿਆਂ, ਬਿਨਾਂ ਅੰਮ੍ਰਿਤ ਵੇਲੇ ਦੀ ਸੰਭਾਲ ਕੀਤਿਆਂ, ਬਿਨਾਂ ਗੁਰੂ-ਚਰਨਾਂ ਵਿੱਚ ਜੁੜਨ ਲਈ ਧਿਆਨ ਕੀਤਿਆਂ, ਐਵੇਂ ਹੀ ਫੋਕੀ ਵਿਦਿਆ ਦੇ ਤਾਣ ਤੇ ਗੁਰਬਾਣੀ ਨੂੰ ਸਮਝਣ ਸਮਝਾਣ ਲਈ ਉੱਪਰਾਲੇ ਕਰਦਾ ਫਿਰੇ ਤਾਂ ਇਹ ਉਸ ਦੀ ਨਿਜ-ਮਤੀ ਹਮਾਕਤ ਹੀ ਹੈ।

ਇਹ ਜਤਨ ਜਨ-ਸਾਧਾਰਨ ਦਾ ਮਸਲਾ ਨਹੀ, ਸਗੋਂ ਇਹ ਮਸਲਾ ਗੁਰਮੁਖ ਜਨਾਂ, ਗੁਰੂ ਕੇ ਸਨਮੁਖ ਜਨਾਂ, ਗੁਰੂ-ਚਰਨਾਂ ਨਾਲ ਜੁੜਨ ਦਾ ਉਪਰਾਲਾ ਕਰਨ ਵਾਲੇ ਜਨਾਂ ਨਾਲ ਹੀ ਸੰਬੰਧਤ ਹੋ ਸਕਦਾ ਹੈ। ਗੁਰੂ-ਚਰਨਾਂ ਨਾਲ ਜੁੜੇ ਹੋਏ ਗੁਰਮੁਖ ਜਨ ਵੀ ਇਹ ਡੀਂਗ ਨਹੀਂ ਮਾਰ ਸਕਦੇ ਕਿ ਉਨ੍ਹਾਂ ਨੂੰ ਬਾਣੀ ਦੇ ਪਾਠ ਦੀ ਸੋਝੀ ਹੋ ਆਈ ਹੈ ਕਿਉਂਕਿ ਉਹ ਜਾਣਦੇ ਹਨ ਕਿ ਅਗਾਧ-ਬੋਧ ਮਹਾਂ ਪੁਰਖ ਤੋਂ ਅਵਤਾਰੀ ਬਾਣੀ ਵੀ ਅਗਾਧ-ਬੋਧ ਹੈ। ਭੈ-ਭਾਵਨੀ ਵਿਚ ਵਿਚਰਦਿਆਂ ਹੋਇਆਂ ਹੀ, ਗੁਰੂ ਕਿਰਪਾ ਨਾਲ ਗੁਰਬਾਣੀ ਦੇ ਪਾਠਾਂ ਦੀ, ਸ਼ਬਦ ਜੋੜਾਂ ਦੇ ਉਚਾਰਨ ਦੀ ਸੋਝੀ ਹੋ ਆਉਂਦੀ ਹੈ, ਐਵੇਂ ਨਹੀਂ। ਜਿੰਨੀ-ਜਿੰਨੀ ਕਿਸੇ ਹਿਰਦੇ ਵਿਚ ਪ੍ਰੇਮ-ਸ਼ਰਧਾ ਅਤੇ ਭੈ-ਭਾਵਨੀ ਹੁੰਦੀ ਹੈ, ਉਤਨਾ ਉਤਨਾ ਹੀ ਉਸ ਹਿਰਦੇ ਨੂੰ ਇਸ ਬਾਣੀ ਦਾ ਉਘਾੜ ਹੁੰਦਾ ਹੈ।

ਜਦ ਵੱਖ-ਵੱਖ ਟੀਕਾਕਾਰਾਂ ਨੇ ਗੁਰਬਾਣੀ ਦੇ ਵੱਖ ਵੱਖ ਸ਼ਬਦ ਜੋੜ



ਦਿੱਤੇ ਹੋਏ ਹਨ ਤਦ ਇਸ ਹਾਲਤ ਵਿੱਚ ਆਪਣੀ ਮੱਤ ਅਨੁਸਾਰ ਸ਼ਬਦ-ਜੋੜ ਨਿਸਚਿਤ ਕਰ ਕੇ, ਸੱਚੇ ਪਾਤਸ਼ਾਹ ਦੇ ਪਦ-ਛੇਦ ਛਾਪਣੇ ਕਿੱਥੋਂ ਤੱਕ ਠੀਕ ਹਨ? ਕੀ ਇਹ ਨਿਜਮੱਤ ਨਹੀਂ। ਸਰਬੱਗ ਬਾਣੀ ਬਾਰੇ ਅਸੀਂ ਅਲੱਪਗ ਜੀਵ ਕਿਵੇਂ ਇਹ ਕਹਿ ਸਕਦੇ ਹਾਂ ਕਿ ਇਹੋ ਸਾਡੇ ਵਾਲਾ ਪਾਠ ਸ਼ੁੱਧ ਹੈ?

ਜਿਸ ਕਿਸੇ ਨਾਮ-ਅਭਿਆਸੀ ਜੀਅੜੇ ਦਾ ਹਿਰਦਾ ਗੁਰੂ-ਚਰਨਾਂ ਨਾਲ ਸੁਰ ਹੋ ਜਾਵੇ ਅਤੇ ਗਰੀਬੀ ਨਿਮਰਤਾ ਵਿੱਚ ਗੁਰੂ-ਦਰ ਤੇ ਆਪਣੀ ਊਣਤਾ ਲਈ ਜੋਦੜੀਆਂ ਕਰਦਾ ਰਹੇ ਲੜੀਦਾਰ ਸਰੂਪ ਦਾ ਵਾਹਿਗੁਰੂ ਜੀ ਬਖਸ਼ਸ਼ ਕਰ ਕੇ ਉਸ ਤੋਂ ਸ਼ੁੱਧ ਉਚਾਰਨ ਕਰਵਾਉਂਦੇ ਹਨ। ਜਿਸ ਦੇਸ ਵਿੱਚੋਂ ਬਾਣੀ ਆਈ ਹੈ, ਕਮਾਈ ਕਰਕੇ ਉਸ ਦੇਸ ਵਿੱਚ ਉਸ ਅਵਸਥਾ ਵਿੱਚ ਪੁੱਜਿਆ ਜਾਵੇ, ਤਾਂ ਹੀ ਸੋਝੀ ਦੀ ਕੋਈ ਝਲਕ ਪੈ ਸਕਦੀ ਹੈ,ਐਵੇ ਨਹੀਂ।

ਇਸ ਵਿਸ਼ੇ ਸੰਬੰਧੀ ਚੀਫ਼ ਖਾਲਸਾ ਦੀਵਾਨ ਦੇ ਮਤਾ ਨੰ: ੨੯੮੨ ਮਿਤੀ ੨੧.੧.੪੫ ਅਤੇ ਧਾਰਮਕ ਕਮੇਟੀ (ਸ਼੍ਰੋ: ਗੁ: ਪ੍ਰ: ਕ:) ਦੇ ਗੁਰਮਤਾ ਨੰਬਰ ੭ ਤਰੀਕ ੧.੧.੧੯੫੦ ਮੁਤਾਬਿਕ, ਪਦ-ਛੇਦ-ਬੀੜ ਨੂੰ ਛਾਪਣ, ਪ੍ਰਕਾਸ਼ ਕਰਨ, ਇਸ ਤੋਂ ਅਖੰਡ ਪਾਠ ਕਰਨ ਨੂੰ ਰੋਕਿਆ ਗਿਆ ਕਿਉਂਕਿ ਅਜਿਹਾ ਕਰਨਾ ਨਾ ਜਾਇਜ਼, ਨਾਮੁਨਾਸਿਬ ਅਤੇ ਪੰਥ ਲਈ ਹਾਨੀਕਾਰਕ ਹੈ।

ਜਿਹੜੀ ਗੱਲ ੧੯੫੦ ਤੱਕ ਨਾ-ਜਾਇਜ਼, ਨਾ-ਮੁਨਾਸਿਬ ਅਤੇ ਪੰਥ ਲਈ ਹਾਨੀਕਾਰਕ ਸੀ, ਉਹ ਹੁਣ ਪੰਥ ਲਈ ਲਾਭਦਾਇਕ, ਮੁਨਾਸਬ ਅਤੇ ਜਾਇਜ਼ ਕੈਸੇ ਹੋ ਗਈ ? ਇਹ ਕੱਲ੍ਹ ਦੀ ਮਨਮਤਿ ਅੱਜ ਦੀ ਗੁਰਮਤਿ ਕਿਵੇਂ ਬਣ ਗਈ ? ਜਿਸ ਧੁਨ ਅਤੇ ਤੇਜ਼ੀ ਨਾਲ ਲੜੀਦਾਰ ਸਰੂਪਾਂ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ, ਆਮ ਸੰਗਤਾਂ ਇੰਜ ਮਹਿਸੂਸ ਕਰ ਰਹੀਆਂ ਹਨ,ਜਿਵੇਂ ਕਿ ਲੜੀਦਾਰ (ਜੁੜਤ) ਸਰੂਪ ਨਾਜਾਇਜ਼ ਅਤੇ ਪੰਥ ਲਈ ਹਾਨੀਕਾਰਕ ਹੈ।

ਇਸ ਟ੍ਰੈਕਟ ਰਾਹੀਂ, ਗੁਰਮਤਿ ਦੀ ਵਿਸ਼ੇਸ਼ਤਾ ਦੱਸਣ ਦੇ ਕੁਝ ਉਪਰਾਲੇ ਹਨ ਤਾਂ ਜੁ ਗੁਰਸਿਖਾਂ ਨੂੰ ਗੁਰੂ-ਸਰੂਪ ਬਾਰੇ ਕੋਈ ਟਪਲਾ ਨਾ ਲਗ ਜਾਏ।

ਉਪਰਾਲਾ-੧

# ਕੋ ਵਿਰਲਾ ਗੁਰਮੁਖਿ ਵੀਚਾਰਸੀ

(੧) ਅਕਲ-ਕਲਾ ਵਾਹਿਗੁਰੂ ਨੇ ਆਪਣੇ ਧੁਰ-ਧੁਰੰਦਰੀ ਹੁਕਮ ਅਨੁਸਾਰ (ਆਪਣੇ ਆਦਿ ਜੁਗਾਦੀ ਪ੍ਰੋਗਰਾਮ ਅਨੁਸਾਰ) ਕਲਜੁਗ ਵਿਚ ਕਲਾ ਧਾਰ ਕੇ, ਗੁਰੂ ਨਾਨਕ ਸਾਹਿਬ ਜੀ ਦੇ ਰੂਪ ਪ੍ਰਗਟ ਹੋਣਾ ਸੀ, ਸੋ ਹੋਇਆ। ਅਕਾਲ ਪੁਰਖ ਨੇ ਆਪ ਗੁਰੂ ਨਾਨਕ ਸਾਹਿਬ ਜੀ ਦਾ ਰੂਪ ਧਾਰ ਕੇ ਗੁਰਸਿੱਖੀ ਮਾਰਗ ਚਲਾਇਆ। ਗੁਰੂ ਆਪ ਗੁਰਸਿੱਖੀ ਮਾਰਗ ਤੇ ਚਲਿਆਂ ਅਤੇ ਹੋਰਨਾਂ ਨੂੰ ਇਸ ਮਾਰਗ ਤੇ ਚਲਣ ਦਾ ਉਪਦੇਸ਼ ਗੁਰਬਾਣੀ ਦਵਾਰਾ ਦਿਤਾ। ਗੁਰਸਿਖੀ ਮਾਰਗ ਤੇ ਚਲਦਿਆਂ ਹੋਇਆਂ ਗੁਰੂ ਸਾਹਿਬ ਜੀ ਨੇ ਬਾਲ ਲੀਲ੍ਹਾ ਰਚੀ, ਮੱਝੀਆਂ ਦੇ ਛੇੜੂ ਬਣੇ, ਸੱਚਾ ਸੌਦਾ ਕਰਦਿਆਂ ਪਿਤਾ ਕਾਲੂ ਜੀ ਪਾਸੋਂ ਚਪੇੜਾਂ ਖਾਧੀਆਂ, ਮੋਦੀਖ਼ਾਨਾ ਚਲਾਇਆ, ਖੇਤੀ ਬਾੜੀ ਕੀਤੀ, ਦੇਸਾਂ ਦੇਸ਼ਾਂਤਰਾਂ ਦਾ ਰਟਨ ਗੁਰਸਿਖੀ ਪਰਚਾਰ ਹਿਤ ਕੀਤਾ, ਗਰਮੀਆਂ, ਸਰਦੀਆਂ, ਝੱਖੜਾਂ, ਉਜਾੜਾਂ ਅਤੇ ਬੀਆਬਾਨਾ ਦੇ ਤਸੀਹੇ ਸਹੇ, ਭੁੱਖੇ ਤਿਹਾਏ ਰਹੇ ਅਤੇ ਬਰਦਾ ਬਣ ਕੇ ਵਿਕ ਗਏ। ਗੁਰਸਿੱਖੀ ਮਾਰਗ ਤੇ ਚੱਲਣ ਦਾ ਮਹਿੰਗਾ ਮੁੱਲ ਦਿੱਤਾ।

(੨) ਭਾਈ ਲਹਿਣਾ ਜੀ ਗੁਰੂ ਨਾਨਕ ਸਾਹਿਬ ਜੀ ਦੇ ਸਿਖ ਸੇਵਕ ਬਣੇ ਅਤੇ ਹਮੇਸ਼ਾ ਉਨ੍ਹਾਂ ਦੇ ਸਨਮੁਖ ਰਹੇ। ਸਤਿਗੁਰਾਂ ਦਾ ਹੁਕਮ ਮੰਨਣ ਅਤੇ ਉਨਾਂ ਦੀ ਰਜ਼ਾ ਵਿਚ ਰਹਿਣ ਨੂੰ ਹੀ ਆਪਣਾ ਪ੍ਰਯੋਜਨ ਰੱਖਿਆ ਅਤੇ ਆਪਣੀ-ਮਤਿ (ਮਨਮਤਿ) ਦਾ ਕਤਈ ਤਿਆਗ ਕਰ ਦਿੱਤਾ। ਆਪਣੀ ਨਿਜੀ ਸੋਚ ਵਿਚਾਰ ਹੀ ਛੱਡ ਦੇਣੀ, ਇਹ ਕਿਤਨਾ ਕਠਨ ਅਤੇ ਮਹਿੰਗਾ ਰਸਤਾ ਹੈ। ਇਨ੍ਹਾਂ ਨੇ ਆਪਣੇ ਆਪ ਨੂੰ ਸਮੁੱਚੇ ਤੌਰ ਤੇ ਹੀ ਸਤਿਗੁਰਾਂ ਦੇ ਹਵਾਲੇ ਕਰ ਦਿੱਤਾ, ਅਤੇ ਕੇਵਲ ਸਤਿਗੁਰਾਂ ਦੇ ਹੁਕਮ ਨੂੰ ਹੀ ਮੁਖ ਰੱਖਿਆ। ਆਪਣੀ ਚਤੁਰਾਈ ਨੂੰ ਬਿਲਕੁਲ ਹੀ ਤਲਾਂਜਲੀ ਦੇ ਦਿੱਤੀ। ਇਹ ਸਭ ਕੁਝ ਕਿਸੇ ਮਖ਼ਸੂਸ ਸਮੇਂ ਲਈ ਨਹੀਂ ਕੀਤਾ, ਸਗੋਂ ਉਮਰ ਪ੍ਰਯੰਤ ਹੀ ਇਸ ਤੇ ਡਟੇ ਰਹਿਣ ਦੇ ਕਮਰਕੱਸੇ ਕਰ ਲਏ। ਆਪਣੀ ਮਤਿ ਦਾ ਐਸਾ ਪੂਰਨ ਤਿਆਗ ਕਿਸੇ ਵਿਰਲੇ ਦੇ ਭਾਗਾਂ ਵਿਚ ਹੀ ਆਇਆ ਹੈ। ਜੇ ਸਾਹਿਬਾਂ ਨੇ ਰਾਤ ਨੂੰ ਦਿਨ ਕਿਹਾ ਹੈ ਤਾਂ ਸੇਵਕ ਨੇ ਪੂਰਨ ਵਿਸ਼ਵਾਸ ਸਾਹਿਤ ਕਿਹਾ ਹੈ



ਕਿ "ਹਾਂ ਜੀ, ਦਿਨ ਹੈ" ਜੇ ਸਾਹਿਬਾਂ ਨੇ ਦਰਖੱਤ ਉਤੇ ਚੜ੍ਹ ਕੇ ਮਠਿਆਈ ਝਾੜਨ ਲਈ ਕਿਹਾ ਹੈ ਤਾਂ ਸੇਵਕ ਨੇ ਤੁਰੰਤ ਫੁਰਤ ਹੁਕਮ ਦੀ ਤਾਮੀਲ ਕੀਤੀ ਹੈ। ਸੇਵਕ ਨੇ ਸਤਿਗੁਰੂ ਜੀ ਦੇ ਹਰ ਹੁਕਮ ਨੂੰ ਸੱਚ ਅਤੇ ਸਤਿ ਸਤਿ ਕਰ ਕੇ ਮੰਨਿਆ ਅਤੇ ਕਮਾਇਆ। ਆਪਣੀ ਮਤਿ ਛੋਡਿ, ਗੁਰੂ ਦੀ ਮਤਿ ਐਸੀ ਗ੍ਰਹਿਣ ਕਰੀ ਕਿ ਗੁਰ ਪ੍ਰਸਾਦਿ ਸੇਵਕ ਤੋਂ ਨਾਨਕ ਬਣ ਗਏ।

(੩) ਗੁਰੂ ਅਮਰਦਾਸ ਸਾਹਿਬ ਜੀ ਦਾ ਜੀਵਨ ਤੱਕੋ-ਪਿਛਲੀ ਬਿਰਧ ਅਵਸਥਾ ਵਿੱਚ ਜਦੋਂ ਕਿ ਆਮ ਮਨੁੱਖ ਤੁਰਨ ਫਿਰਨ ਲਈ ਡੰਗੋਰੀ ਦਾ ਆਸਰਾ ਢੂੰਡਦਾ ਹੈ, ਆਪਣੇ ਸਰੀਰ ਦੀ ਦੇਖ-ਭਾਲ ਵਾਸਤੇ ਸਾਕ-ਸੈਣ ਵਲ ਤੱਕਦਾ ਹੈ, ਅਮਰਦਾਸ ਜੀ ਨੇ ਗੁਰੂ ਅੰਗਦ ਸਾਹਿਬ ਜੀ ਦੇ ਇਸ਼ਨਾਨਿਆਂ ਵਾਸਤੇ ਖਡੂਰ ਸਾਹਿਬ ਜਲ ਢੋਣ ਦੀ ਕਰੜੀ ਸੇਵਾ ਸੰਭਾਲ ਲਈ ਅਤੇ ਜਲ ਭੀ ਦਰਿਆ ਬਿਆਸ ਦਾ, ਜੋ ਤਕਰੀਬਨ ਨੌਂ ਕਿਲੋ-ਮੀਟਰ ਦੀ ਦੂਰੀ ਤੇ ਵਗ ਰਿਹਾ ਸੀ। ਅੱਧੀ ਰਾਤ ਤੋਂ ਪਹਿਲਾਂ ਹੀ ਅਮਰਦਾਸ ਜੀ ਨੇ ਗਾਗਰ ਚੁੱਕ ਕੇ ਦਰਿਆ ਵਲ ਚਾਲੇ ਪਾ ਦੇਣੇ, ਤਾਂ ਜੁ ਅੰਮ੍ਰਿਤ ਵੇਲੇ ਨੂੰ ਸਮੇਂ ਸਿਰ, ਤਾਜ਼ੇ ਜਲ ਦੀ ਗਾਗਰ ਜਦੋਂਕਿ ਬਿਆਸ ਦਰਿਆ ਦੇ ਵਿਚਕਾਰ ਕੋਈ ਜਰਨੈਲੀ ਸੜਕ ਨਹੀਂ ਸੀ, ਸਤਿਗੁਰੂ ਜੀ ਦੇ ਇਸ਼ਨਾਨ ਸਥਾਨ ਤੇ ਪਹੁੰਚਾ ਦਿੱਤੀ ਜਾਵੇ। ਉਸ ਸਮੇਂ ਖਡੂਰ ਸਾਹਿਬ ਕਿਤੇ ਡੰਡੀ, ਕਿਤੇ ਟਿਬੇ, ਕਿਤੇ ਡਾਂਡੇ-ਮੀਂਡੇ, ਕਿਤੇ ਝਾੜੀਆਂ, ਦਰੱਖਤਾਂ, ਖੇਤਾਂ ਬੀਆਂਬਾਨਾਂ ਵਾਲਾ ਹੀ ਰਸਤਾ ਸੀ। ਉਨੀਂ ਦਿਨੀਂ ਨਾ ਬੱਤੀ ਟਾਰਚ, ਹਨੇਰੇ ਵਿਚ ਹੱਥ ਪਸਾਰਿਆ ਨਜ਼ਰ ਨਹੀਂ ਸੀ ਆਉਂਦਾ। ਏਥੇ ਹੀ ਬੱਸ ਨਹੀਂ, ਖਡੂਰ ਸਾਹਿਬ ਤੋਂ ਦਰਿਆ ਵਲ ਜਾਂਦੇ ਹੋਏ ਅਮਰ ਦਾਸ ਜੀ ਪੁੱਠੇ ਪੈਰੀ ਜਾਂਦੇ (ਭਾਵ ਕਿ ਆਪਣਾ ਮੂੰਹ ਖਡੂਰ ਸਾਹਿਬ ਵਲ ਹੀ ਰਖਦੇ। ਗੁਰੂ ਸਾਹਿਬ ਜੀ ਵਲ ਆਪਣੀ ਪਿੱਠ ਕਦੇ ਬੀ ਨਾ ਕਰਦੇ)। ਅਜਿਹੀ ਸੇਵਾ ਕਿਤਨੀ ਕਠਨ ਹੈ। ਹਨੇਰੀਆਂ ਰਾਤਾਂ ਵਿਚ, ਗਰਮੀਆਂ, ਸਰਦੀਆਂ, ਝੱਖੜਾਂ, ਬਾਰਸ਼ਾਂ, ਸਿਆਲੀਆਂ, ਠੱਕਿਆਂ ਦੀ ਪਰਵਾਹ ਨਾ ਕਰਦੇ ਹੋਏ ਔਝੜਾਂ ਬੀਆਂਬਾਨਾਂ ਵਿਚੋਂ ਦੀ ਸੀਸ ਤੇ ਗਾਗਰ ਰੱਖ ਕੇ ਅਠਾਰਾਂ ਕਿਲੋ ਮੀਟਰਾਂ ਦੀ ਮਹਾਂ ਕਰੜੀ ਯਾਤਰਾ ਹਰ ਰੋਜ਼ ਕਰਦੇ। ਇਹ ਲੂਈਂ ਕੰਢੇ ਖੜੇ ਕਰਨ ਵਾਲੀ ਸੇਵਾ, ਕੁਝ ਦਿਨਾਂ, ਹਫਤਿਆਂ ਜਾਂ ਮਹੀਨਿਆਂ ਤੱਕ ਦੀ ਨਹੀਂ ਸੀ, ਬਲਕਿ ਚਲ ਸੋ ਚਲ, ਲਗਾਤਾਰ ਇਕ-ਸਾਰ ਬਾਰ੍ਹਾਂ ਬਰਸ

ਰਹੀ। ਜਲ ਢੋਣ ਲਈ ਘੋੜਾ, ਖੱਚਰ ਜਾਂ ਕਿਸੇ ਜਵਾਨ ਮਜ਼ਦੂਰ ਆਦਿ ਦਾ ਖਿਆਲ ਤੱਕ ਵੀ ਨਾ ਆਇਆ-"**ਜਲੁਢੋਵਉਇਹਸੀਸਕਰਿ...**"(**੮੧੩**)। ਨਿਜੀ ਸੁਖ ਦਾ ਤਿਆਗ ਅਤੇ ਗੁਰਸਿੱਖੀ ਮਾਰਗ ਉਤੇ ਚਲਣ ਦਾ ਇਤਨਾ ਕਰੜਾ ਅਤੇ ਮਹਿੰਗਾ ਮੁੱਲ ਦਿੱਤਾ। ਸਾਡੇ ਵਰਗਿਆਂ ਨੂੰ ਜੇ ਕੇਵਲ ਇੱਕ ਰਾਤ ਲਈ ਹੀ ਅਜਿਹੀ ਸੇਵਾ ਕਰਨੀ ਪੈ ਜਾਏ, ਸਾਨੂੰ ਨਾਨੀ ਯਾਦ ਆ ਜਾਏ। ਇਸ ਮਹਿੰਗੇ ਮੁੱਲ ਦੇਣ ਦਾ ਨਤੀਜਾ ਕੀ ਨਿਕਲਿਆਂ? ਅਮਰਦਾਸ ਜੀ ਗੁਰੂ ਕਿਰਪਾ ਦਵਾਰਾ ਗੁਰੂ ਰੂਪ ਹੋ ਗਏ ਅਤੇ ਗੁਰੂ ਅਮਰਦਾਸ ਜੀ ਕਹਿਲਾਏ।

(੪) ਏਸੇ ਲੜੀ ਨੂੰ ਅੱਗੇ ਤੋਰਦੇ ਹੋਏ ਗੁਰੂ ਅਰਜਨ ਦੇਵ ਜੀ ਦਰਸ਼ਨ ਕਰੀਏ, ਕਿ ਗੁਰਸਿਖੀ ਮਾਰਗ ਤੇ ਚਲਦਿਆਂ ਹੋਇਆਂ ਨੇ ਤੱਤੀ ਲੋਹ ਉਤੇ ਚੌਂਕੜੇ ਸਜਾਏ, ਤੱਤੀ ਰੇਤ ਦੇ ਕੜਛੇ ਸੀਸ ਉਤੇ ਪਵਾਏ, ਉਬਲਦੀ ਦੇਗ ਵਿਚ ਬੈਠਣਾ ਪਰਵਾਨ ਕੀਤਾ,ਉਹ ਭੀ ਭਰ ਗਰਮੀ (ਜੂਨ) ਦੇ ਮਹੀਨੇ ਵਿਚ ਕੜਕਦੀ ਧੁੱਪ ਅੰਦਰ। ਰੋਂਗਟੇ ਖੜੇ ਹੋ ਜਾਂਦੇ ਹਨ ਇਨ੍ਹਾਂ ਦਾ ਨਕਸ਼ਾ ਅੱਖਾਂ ਸਾਹਮਣੇ ਆਉਂਦਾ ਹੈ। ਇਤਨਾ ਕਸ਼ਟ ਹੱਦ ਟੁੱਟ ਗਈ। ਆਪਣੀ ਜਾਨ ਦੀ ਕੁਰਬਾਨੀ ਅੱਤ ਕਠਨ ਤਸੀਹਿਆਂ ਦੀ ਛਾਇਆ ਥੱਲੇ ਦਿੱਤੀ। ਇਤਨਾ ਮਹਿੰਗਾ ਮੁੱਲ ਗੁਰਸਿਖੀ ਮਾਰਗ ਤੇ ਚੱਲਣ ਦਾ ਅਦਾਅ ਕੀਤਾ।

(੫) ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ, ਅਤੇ ਸ਼ਹੀਦੀ ਤੋਂ ਪਹਿਲਾਂ ਸਰੀਰਕ ਕਸ਼ਟ (ਲੋਹੇ ਦੇ ਪਿੰਜਰੇ ਵਿਚ)। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਕੁਰਬਾਨੀਆਂ-ਪਿਤਾ ਜੀ ਨੂੰ ਆਪਣੇ ਹੱਥੀਂ ਮਜ਼ਲੂਮਾਂ ਦੀ ਰਖਸ਼ਾਂ ਹਿਤ, ਸੀਸ ਦੀ ਭੇਟਾ ਦੇਣ ਲਈ ਦਿੱਲੀ ਨੂੰ ਵਿਦਾ ਕੀਤਾ। ਦੋ ਸਾਹਿਬਜ਼ਾਦਿਆਂ ਨੂੰ ਥਾਪੜਾ ਦੇ ਕੇ ਹੱਥੀਂ ਧਰਮ ਯੁੱਧ ਵਿਚ ਤੋਰ ਦਿੱਤਾ। ਦੋ ਸਾਹਿਬਜ਼ਾਦੇ ਨੀਂਹਾਂ ਵਿਚ ਚਿਣੇ ਗਏ। ਮਾਤਾ ਜੀ ਕੁਰਬਾਨ ਹੋਏ। ਬੇਅੰਤ ਗੁਰੂ ਦੇ ਹੀਰੇ-ਸਿਖ ਹੱਸ ਹੱਸ ਕੇ ਜੰਗਾਂ ਵਿਚ ਜੂਝ ਗਏ, ਗੁਰਸਿੱਖੀ ਮਾਰਗ ਤੇ ਚੱਲਦੇ ਹੋਏ ਸਿਰੋਂ ਦੁਖ ਸਹਾਰਦੇ ਹੋਏ ਆਪਣੀਆਂ ਜਾਨਾਂ ਤੇ ਖੇਲ ਗਏ, ਸਦੀਵੀ-ਗੁਰੂ-ਖੁਸ਼ੀ ਪ੍ਰਾਪਤ ਕਰ ਕੇ ਨਿਜ ਘਰਿ ਜਾ ਵਾਸਾ ਪਾਇਆ।

(੬) ਹੱਦੋਂ ਪਰੇ ਦੀਆਂ ਕੁਰਬਾਨੀਆਂ, ਕਰੜਾਈਆਂ ਅਤੇ ਕਠਿਨਾਈਆਂ ਵਾਲੇ ਗੁਰਸਿੱਖੀ ਮਾਰਗ ਦਾ ਇਹ ਪਰਚਾਰ, ਵਾਹਿਗੁਰੂ ਜੀ ਨੇ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਸਾਂ ਜਾਮਿਆਂ ਵਿਚ



ਆਪਣੀ ਜੋਤਿ ਧਾਰਕੇ ਕਿਉਂ ਕੀਤਾ? ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਨੂੰ ਗੁਰ-ਜੋਤਿ ਬਖਸ਼ ਕੇ ਗੁਰਗੱਦੀ ਉਤੇ ਹਮੇਸ਼ਾਂ ਲਈ ਅਸਥਾਪਨ ਕਰਨ ਹਿਤ ਇਹ ਸਭ ਰਚਨਾ ਰਚੀ, ਤਾਂ ਜੁ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਥੱਲੇ ਗੁਰਸਿਖ, ਗੁਰਸਿੱਖੀ ਮਾਰਗ ਤੇ ਚਲਦੇ ਹੋਏ, ਨਾਮ ਬਾਣੀ ਦਾ ਰਸ ਮਾਣਦੇ ਹੋਏ, ਮਾਣਸ ਜਨਮ ਸਫਲਾ ਕਰਦੇ ਹੋਏ, ਮੁਖ ਉਜਲਾ ਲੈ ਕੇ ਹਰਿ ਦਰਗਹਿ ਪੈਧੇ ਜਾਵਣ'। ਇਹ ਹੈ ਝਾਕੀ ਅਸਲੀ ਗੁਰਸਿੱਖੀ ਜੀਵਨ ਦੀ, ਕਰੜੇ ਅਤੇ ਮਹਿੰਗੇ ਮੁੱਲ ਲਏ ਗੁਰਸਿਖੀ ਜੀਵਨ ਦੀ ਸਿਰ ਦੇ ਕੇ ਮੁੱਲ ਲਏ ਹੋਏ ਗੁਰਸਿੱਖੀ ਜੀਵਨ ਦੀ (**ਮੈਤਉਮੋਲਿਮਹਗੀਲਈਜੀਅਸਟੈ॥੬੯੪**)

(੭) ਹੁਣ ਦੇਖੋ ਸੌਖੇ, ਅਨੰਦ-ਮਈ, ਮੌਜਾਂ ਭਰੇ ਕਹਾਉਤੀ ਗੁਰਸਿੱਖੀ ਜੀਵਨ ਦੀ ਝਾਕੀ। ਸੁਖਿਆਰੇ ਅਤੇ ਚਤੁਰ ਗੁਰਸਿੱਖਾਂ ਨੂੰ ਲੜੀਦਾਰ ਬਾਣੀ (ਜੁੜਤ ਸ਼ਬਦਾਂ ਲਈ ਰੱਬੀ ਰਜ਼ਾ ਅੰਦਰਿ ਰਚੀ ਹੋਈ ਬਾਣੀ) ਦਾ ਪਾਠ ਕਰਨਾ ਮੁਸ਼ਕਲ, ਔਖਾ ਤੇ ਮਹਿੰਗਾ ਲਗਦਾ ਹੈ। ਇਨ੍ਹਾਂ ਨੇ ਆਪਣੀ ਸਹੂਲਤ ਵਾਸਤੇ ਲੜੀਦਾਰ ਬਾਣੀ ਨੂੰ ਪਦ-ਛੇਦ ਬਾਣੀ ਦਾ ਰੂਪ ਦੇ ਦਿੱਤਾ ਹੈ। ਇਨ੍ਹਾਂ ਦਾ ਖਿਆਲ ਹੈ ਕਿ, ਰੱਬ ਨੇ ਲੜੀਦਾਰ ਰੂਪ ਵਿਚ ਬਾਣੀ ਰਚਨ ਦੀ ਗ਼ਲਤੀ ਕੀਤੀ ਹੈ, ਕਿਉਂਕਿ ਲੜੀਦਾਰ ਬਾਣੀ ਨਾਲ ਗੁਰਸਿੱਖੀ ਦਾ ਪਰਚਾਰ ਹੋਣਾ ਅਤਯੰਤ ਮੁਸ਼ਕਿਲ ਹੈ ਅਤੇ ਇਸ ਰਫ਼ਤਾਰ ਦੇ ਜ਼ਮਾਨੇ ਵਿਚ ਅਸੰਭਵ ਹੈ। ਕਿਸੇ ਦੀ ਅਗਵਾਈ ਲਏ ਬਿਨਾਂ ਲੜੀਦਾਰ ਬਾਣੀ ਦਾ ਪਾਠ ਨਹੀਂ ਹੋ ਸਕਦਾ; ਪਦ ਛੇਦ ਬਾਣੀ ਦਾ ਪਾਠ ਦੂਜੀ ਤੀਜੀ ਜਮਾਤ ਵਿਚ ਪੜ੍ਹਨ ਵਾਲੇ ਬੱਚੇ ਭੀ ਕਰ ਸਕਦੇ ਹਨ; ਚੌਥੀ ਪੰਜਵੀਂ ਵਿੱਚ ਪੜ੍ਹਨ ਵਾਲੇ ਬੱਚੇ ਤਾਂ ਅਖੰਡ ਪਾਠ ਵੀ ਕਰ ਸਕਦੇ ਹਨ।

(੮) **ਅਜਿਹੀ ਚਤੁਰਾਈ ਭਰੇ ਵਿਚਾਰ ਵਾਲੇ ਸਿੱਖਾਂ ਨੇ ਇਹ ਕਦੇ ਨਹੀਂ ਸੋਚਿਆ ਕਿ ਰੱਬ, ਜਿਸ ਦਾ ਕਲਜੁਗ ਵਿਚ ਬਾਣੀ ਰਚਣ ਦਾ ਆਦਿ ਧੁਰ-ਧੁਰੰਦਰੀ ਪ੍ਰੋਗਰਾਮ ਸੀ ਅਤੇ ਜਿਸ ਨੇ ਦੋ ਸੌ ਸਾਲ ਤੋਂ ਉਪਰ ਦਾ ਸਮਾਂ ਲੜੀਦਾਰ ਬਾਣੀ ਰਚਣ ਹਿਤ ਦਸ ਗੁਰ-ਜਾਮੇ ਧਾਰ ਕੇ ਲਗਾਇਆ, ਕੀ ਉਸ ਰੱਬ ਨੂੰ ਇਹ ਵੀ ਪਤਾ ਨਹੀਂ ਸੀ ਕਿ ਇਸ ਬਾਣੀ ਦਾ ਠੀਕ ਸਰੂਪ ਪਦ-ਛੇਦ ਹੋਵੇਗਾ ਕਿ ਲੜੀਦਾਰ? ਕੀ ਇਸ ਦਾ ਇਲਮ ਕੇਵਲ ਅੱਜ ਕੱਲ੍ਹ ਦੇ ਚਾਤੁਰ ਸੁਖ-ਰਹਿਣੇ ਅਤੇ ਢਿੱਲੜ ਸਿੱਖਾਂ ਨੂੰ ਹੀ ਹੋਣਾ ਸੀ ਕਿ**

**ਪਦ-ਛੇਦ ਸਰੂਪ ਹੀ ਠੀਕ ਬੈਠੇਗਾ? ਇਹ ਕੈਸੀ ਕੋਝੀ ਅਤੇ ਖੋਖਲੀ ਗੱਲ ਹੈ ਕਿ ਰੱਬ ਦੇ ਬਣਾਏ ਅਲਪੱਗ ਪੁਰਸ਼ ਆਪਣੇ ਆਪ ਨੂੰ ਰੱਬ ਨੂੰ ਜ਼ਿਆਦਾ ਚਤੁਰ ਦੱਸਣ ਦਾ ਦਾਅਵਾ ਕਰਨ। ਇਨ੍ਹਾਂ ਨੇ ਸ਼ਾਇਦ ਕਦੇ ਵੀ ਇਸ ਸ੍ਰੀ ਮੁਖਵਾਕ ਦਾ ਖਿਆਲ ਨਹੀਂ ਕੀਤਾ ਕਿ (ਹਰਿਜੋਕਿਛੁਕਰੇਸੁਆਪੇਆਪੇ ਓਹੁਪੂਛਿਨਕਿਸੈਕਰੇਬੀਚਾਰਿ।। ੧੧੩੫)**

(੯) **ਗੁਰਬਾਣੀ ਦਾ ਕੇਵਲ ਲੜੀਦਾਰ ਸਰੂਪ ਹੀ ਗੁਰੂ ਨਾਨਕ ਸਾਹਿਬ ਦਾ ਧੁਰ-ਧੁਰੰਦਰੀ ਪ੍ਰੋਗਰਾਮ ਸੀ ਅਤੇ ਇਹੋ ਸਰੂਪ ਰੱਬ-ਰਜਾਇਆ ਗੁਰ ਪਰਵਾਨਿਆ ਸਰੂਪ ਹੈ। ਇਸ ਬਾਣੀ ਨੂੰ ਗੁਰੂ ਸਾਹਿਬ ਜੀ ਨੇ ਦੋ ਵੇਰੀਂ ਲੜੀਦਾਰ ਸਰੂਪ ਦਿੱਤਾ-ਪਹਿਲੋਂ ਪੰਜਵੇਂ ਜਾਮੇ ਵਿਚ ਅਤੇ ਦੁਬਾਰਾ ਦਸਵੇਂ ਜਾਮੇ ਵਿਚ। ਪੂਰੇ ਗੁਰ ਨੇ ਆਪਣੀ ਪੂਰੀ ਮਤਿ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲੜੀਦਾਰ ਗੁਰਬਾਣੀ ਨਾਲ ਸ਼ਿੰਗਾਰਿਆ ਹੈ। ਗੁਰੂ ਘਰ ਵਿਚ ਗੁਰੂ ਦੀ ਮਤਿ ਹੀ ਪਰਵਾਨ ਹੈ। ਆਪਣੇ ਮਨ ਦੀ ਚਤੁਰਾਈ ਨੂੰ ਤਾਂ ਤਿਆਗਣ ਦਾ ਹੀ ਹੁਕਮ ਹੈ। (ਮਨਕੀਮਤਿਤਿਆਗਹੁਹਰਿਜਨਏਹਾਬਾਤ ਕਠੈਨੀ।।੮੦੦)**

(੧੦) ਪਦ-ਛੇਦਤਾ ਨੇ ਮਹਿੰਗੀ ਬਾਣੀ ਨੂੰ ਸਸਤਾ ਕਰ ਦਿੱਤਾ ਹੈ ਅਤੇ ਇਸ ਦੀ ਕਦਰ ਘਟਾਉਣ ਦਾ ਦੋਸ਼ ਪਦ-ਛੇਦੀਆਂ ਨੇ ਆਪਣੇ ਸਿਰ ਲੈ ਲਿਆ ਹੈ। ਲੜੀਦਾਰ ਬਾਣੀ ਦਾ ਪਾਠ ਮੇਹਨਤ, ਸਮਾਂ, ਅਗਵਾਈ ਅਤੇ ਪੂਰਾ ਧਿਆਨ ਮੰਗਦਾ ਹੈ। ਇਹ ਸੌਖਾ ਕੰਮ ਨਹੀਂ ਹੈ; ਕਠਨ ਹੈ, ਮਹਿੰਗਾ ਹੈ ਬਾਣੀ ਦੀ ਕਦਰ ਵਧਾਉਂਦਾ ਹੈ। ਲੜੀਦਾਰ ਬਾਣੀ ਦਾ ਪਾਠ ਕਰਦਿਆਂ ਹੋਇਆਂ ਅਤੇ ਪਾਠ ਕਰਨ ਤੋਂ  ਬਾਅਦ ਵੀ ਮਨ ਵਿਚ ਖ਼ਿਆਲ ਰਹੇਗਾ,ਕਿ ਪਤਾ ਨਹੀਂ ਕਿਤਨੀਆਂ ਕੁ ਗ਼ਲਤੀਆਂ ਪਾਠ ਕਰਨ ਵਿਚ ਹੋ ਗਈਆਂ ਹਨ। ਮਨ ਅਰਦਾਸ ਵਿਚ ਜੁੜ ਕੇ ਸਤਿਗੁਰਾਂ ਪਾਸੋਂ ਹੋ ਗਈਆਂ ਬੇਅੰਤ ਗ਼ਲਤੀਆਂ ਦੀ ਖਿਮਾ ਮੰਗੇਗਾ ਅਤੇ ਅੱਗੋਂ ਤੋਂ ਸ਼ੁਧ ਪਾਠ ਦੀ ਗਿਆਤ ਲਈ ਜਾਚਨਾ ਕਰੇਗਾ। ਇਸ ਨਾਲ ਮਨ ਵਿਚ ਨਿਰਮਾਣਤਾ ਅਤੇ ਗਰੀਬੀ ਆਏਗੀ। ਅਜਿਹਾ ਗੁਰਮਤਿ-ਅਨਕੂਲ ਹੈ-**ਗੁਰਮੁਖਿਨਿਮਾਣਾਹੋਹੁ।**

(੧੧) ਇਸ ਦੇ ਉਲਟ ਪਦ-ਛੇਦ ਬਾਣੀ ਦਾ ਪਾਠ ਬੜਾ ਹੀ ਸਹਿਲ ਹੁੰਦਾ ਹੈ। ਮਨ ਵਿਚ ਇਹੋ ਖ਼ਿਆਲ ਰਹਿੰਦਾ ਹੈ ਕਿ ਮੈਂ ਪਾਠ ਸ਼ੁੱਧ ਕੀਤਾ ਹੈ ਕੋਈ ਗ਼ਲਤੀ ਨਹੀਂ ਕੀਤੀ। ਇਸ ਨਾਲ ਮਨ ਵਿਚ ਸੂਖਸ਼ਮ ਹਉਮੈ ਆ



ਜਾਂਦੀ ਹੈ। ਪਾਠ ਸ਼ੁੱਧ ਕਰਨ ਲਈ ਗੁਰੂ ਜੀ ਅੱਗੇ ਅਰਦਾਸ ਕਰਨ ਦੀ ਲੋੜ ਹੀ ਨਹੀਂ ਭਾਸਦੀ ਅਤੇ ਨਾ ਹੀ ਰਹਿੰਦੀ ਹੈ। ਅਜਿਹਾ ਵਿਚਾਰ ਸਿੱਖੀ ਭਾਵਨਾ ਦੇ ਉਲਟ ਹੈ। ਤਾਹੀਓਂ ਹੀ ਸਾਹਿਬਾਂ ਨੇ ਲੜੀਦਾਰ ਬਾਣੀ ਰਚੀ ਹੈ।

(੧੨) **ਲੜੀਦਾਰ ਗੁਰਬਾਣੀ ਨੂੰ ਪਦ-ਛੇਦ ਰੂਪ ਦੇਣਾ ਸਾਡੀ ਚਤੁਰਾਈ, ਗੁਰੂ ਤੋਂ ਬੇ-ਮੁਖਤਾਈ ਅਤੇ ਪੂਰੇ ਗੁਰੂ ਦੀ ਪੂਰੀ ਮਤਿ ਉਤੇ ਸਾਡੀ ਗੁਸਤਾਖੀ ਭਰੀ ਟੀਕਾ-ਟਿੱਪਣੀ ਹੈ। ਇਸ ਮਨਮਤਿ ਦੇ ਹਾਮੀ ਭੀ ਨਿਰਦੋਸ਼ ਨਹੀਂ ਰਹਿ ਸਕਦੇ। ਬੱਕਰੇ ਮਾਰਨ ਵਾਲਾ, ਕਸਾਈ, ਮਾਸ ਬੱਕਰੇ ਵੇਚਣ ਵਾਲਾ ਅਤੇ ਬੱਕਰਿਆਂ ਨੂੰ ਖਾਣ ਵਾਲਾ, ਸਭ ਬਰਾਬਰ ਦੇ ਹੀ ਦੋਸ਼ੀ ਹਨ। ਸਾਡੇ ਚਾਤੁਰ, ਸੁਖ-ਰਹਿਣੇ ਅਤੇ ਸਸਤੇ ਮੁੱਲ ਗੁਰਸਿਖੀ ਲੱਭਣ ਵਾਲੇ ਸਿੱਖਾਂ ਨੇ ਗੁਰਬਾਣੀ ਪਦ-ਛੇਦ ਕੀਤੀ, ਸਗੋਂ ਕਈ ਹੋਰ ਮੱਲਾਂ ਵੀ ਮਾਰੀਆਂ ਹਨ। ਅੰਮ੍ਰਿਤ ਵੇਲੇ ਦੇ ਜਾਗਣ, ਇਸ਼ਨਾਨ, ਨਾਮ-ਸਿਮਰਨ ਅਤੇ ਨਿਤਨੇਮ ਵਿਚ ਢਿਲਿਆਈ, ਗਾਤਰੇ ਦੀ ਕਿਰਪਾਨ ਦੀ ਬਜਾਏ ਕੰਘੇ ਉਤੇ ਜੜੀ ਅੱਧੀ ਇੰਚ ਦੀ ਮਿੰਨੀ ਕਿਰਪਾਨ ਨਾਲ ਹੀ ਕੰਮ ਸਾਰ ਲੈਂਦੇ ਹਨ। ਇਨ੍ਹਾਂ ਦੀ ਰੀਸੇ ਬੀਬੀਆਂ ਭੀ ਸਿਖੀ ਰਹਿਤ ਬਹਿਤ ਨਾਲੋਂ ਫੈਸ਼ਨ ਨੂੰ ਤਰਜੀਹ ਦੇਂਦੀਆਂ ਹਨ। ਜੋ ਭੀ ਰਹਿਤ-ਬਹਿਤ ਦੀ ਦੁਰਦਸ਼ਾ ਅਸੀਂ ਦੇਖ ਰਹੇ ਹਾਂ, ਇਹ ਸਸਤੀ ਅਤੇ ਸੁਖ-ਰਹਿਣੀ ਸਿਖੀ ਦੇ ਭੁਲੜ ਮੁਤਲਾਬੀਆਂ ਨੇ ਹੀ ਕੀਤੀ ਹੈ।**

(੧੩) ਗੁਰਬਾਣੀ ਤਾਂ ਨਾਂ-ਸਿਰਫ ਮਨਮਤਿ ਨੂੰ ਤਿਆਗਣ ਦਾ ਹੁਕਮ ਦੇਂਦੀ ਹੈ। ਸਗੋਂ ਮਨਮਤਿ ਦੇ ਧਾਰਨੀਆਂ ਤੋਂ ਭੀ ਦੂਰ ਹੀ ਰਹਿਣ ਦਾ ਉਪਦੇਸ਼ ਦੇਂਦੀ ਹੈ। ਯਥਾ-"**ਮਨਕੀਮਤਿਤਿਆਗਹੁਹਰਿਜਨ ੮੦੦।।** ਅਤੇ **ਗੁਰਮੁਖਿਸਉਕਰਿਦੋਸਤੀਸਤਿਗੁਰਸਉਲਾਇਚਿਤੁ ।। ੧੪੨੧**" ਸੁਖ-ਰਹਿਣੇ ਅਤੇ ਸਸਤੇ ਭਾਅ ਗੁਰਸਿੱਖੀ ਦੇ ਲੱਭਣਹਾਰਿਆਂ ਨੂੰ ਇਹ ਸੋਚਣਾ ਚਾਹੀਏ ਕਿ ਪੁਰਾਤਨ ਸੂਰਬੀਰ ਸਿੰਘ ਗੁਰੂ ਕੇ ਹੀਰੇ ਗੁਰਸਿਖੀ ਕਮਾਉਂਦੇ ਹੋਏ ਚਰਖੜੀਆਂ ਤੇ ਕਿਉਂ ਚੜ੍ਹ ਗਏ? ਤੇਲ ਦੇ ਕੜਾਹਿਆਂ ਵਿਚ ਕਿਉਂ ਤਲੇ ਗਏ? ਖੋਪਰੀ ਕਿਉਂ ਰੰਬੀ ਨਾਲ ਉਤਰਵਾ ਲਈ? ਆਰੇ ਨਾਲ ਕਿਉਂ ਤਨ ਚਿਰਵਾ ਲਿਆ? ਬੰਦ-ਬੰਦ ਕਿਉਂ ਕਟਵਾਏ? ਜੀਉਂਦੇ-ਜੀਅ ਭੱਠੀਆਂ ਵਿਚ ਝੋਕਿਆਂ ਜਾਣਾ ਕਿਉਂ ਖਿੜੇ ਮੱਥੇ ਪਰਵਾਨ ਕੀਤਾ? ਕਿਉਂ ਗੋਲੀਆਂ ਦੇ ਨਿਸ਼ਾਨੇ ਬਣੇ? ਕਿਉਂ ਸੀਸ ਕਟਵਾ ਲਏ? ਘੋੜਿਆਂ ਦੇ ਸੁੰਮਾਂ ਥੱਲੇ

ਕਿਉਂ ਵਿਛ ਗਏ? ਕਿਉਂ ਡਾਂਗਾਂ ਦੀਆਂ ਮਾਰਾਂ ਖਾਧੀਆਂ ਅਤੇ ਜੇਲ੍ਹਾਂ ਕੱਟੀਆਂ? ਕਿਉਂ ਰੇਲ-ਗੱਡੀ ਥੱਲੇ ਪਿਸ ਗਏ? ਕਿਉਂ ਗੁਰਸਿਖੀ ਮਾਰਗ ਦੇ ਪਾਂਧੀ ਬਣ ਕੇ ਘਰਾਂ ਦੇ ਸਭ ਸੁੱਖ ਤਿਆਗ ਕੇ ਜੰਗਲਾਂ ਵਿਚ ਜਾ ਬਸੇਰੇ ਕੀਤੇ। ਮਾਵਾਂ ਨੇ ਕਿਉਂ ਆਪਣਿਆਂ ਨੇਤਰਾਂ ਸਾਹਮਣੇ ਆਪਣੇ ਬੱਚਿਆਂ ਦੇ ਟੋਟੇ ਹੁੰਦੇ ਵੇਖ ਕੇ ਬਰਦਾਸ਼ਤ ਕੀਤਾ? ਕੀ ਇਹ ਸਾਰੇ ਆਪਣੀ ਮਤਿ ਅਤੇ ਚਤੁਰਾਈ ਨੂੰ ਵਰਤ ਕੇ ਦੁਨਿਆਵੀ ਸੁੱਖ ਨਹੀਂ ਸਨ ਲੱਭ ਸਕਦੇ? ਪਰ ਇੰਜ ਕੀਤਾ ਨਹੀਂ, ਕਿਉਂਕਿ ਗੁਰੂ-ਦਰਸਾਈ ਸਿੱਖੀ (ਗੁਰਮਤਿ) ਪਿਆਰੀ ਸੀ। ਇਸ ਨੂੰ ਕਮਾਉਣ ਵਿਚ ਹੀ ਸੱਚਾ ਤੇ ਸਦੀਵੀ ਆਤਮਕ ਅਨੰਦ ਸੀ ਅਤੇ ਸਤਿਗੁਰੂ ਦੀ ਖ਼ੁਸ਼ੀ ਪ੍ਰਾਪਤ ਹੋ ਸਕਦੀ ਸੀ ਅਤੇ ਹੁੰਦੀ ਹੈ-

"**ਚਾਲਾਨਿਰਾਲੀਭਗਤਾਕੇਰੀਬਿਖਮਮਾਰਗਿਚਲਣਾ ।। ੯੧੮।।**"

"**ਮਿਸਲਫਕੀਰਾਂਗਾਖੜੀਸੁਪਾਈਐਪੂਰਕਰੰਮਿ-੧੧੮੩-੮੪ ।।**

(੧੪) ਗੁਰਸਿਖੀ ਮਾਰਗ ਦੇ ਪਾਂਧੀਆਂ ਨੇ ਕਿਸੇ ਕੀਮਤ ਤੇ ਭੀ ਇਸ ਮਾਰਗ ਨੂੰ ਨਹੀਂ ਤਿਆਗਿਆ। ਇਸ ਮਾਰਗ ਨੂੰ ਜਾਨ ਤੋਂ ਪਿਆਰਾ ਸਮਝ ਕੇ ਹਰ ਪ੍ਰਕਾਰੀ ਸਾਹਮਣੇ ਆਈਆਂ ਔਕੜਾਂ ਝੱਲੀਆਂ। ਗੁਰੂ-ਹੁਕਮਾਂ ਦਾ ਸਤਿਕਾਰ ਕੀਤਾ। ਗੁਰਸਿੱਖੀ ਮਾਰਗ ਤੇ ਪਾਂਧੀਆਂ ਦੀ ਅਗਵਾਈ ਲਈ ਪੂਰੇ ਰੱਬ ਨੇ ਪੂਰੇ ਗੁਰੂ ਰਾਹੀਂ, ਆਪਣੀ ਪੂਰੀ ਮਤਿ ਅਨੁਸਾਰ, ਪੂਰੀ ਬਾਣੀ ਨੂੰ ਲੜੀਦਾਰ ਸਰੂਪ ਬਖਸ਼ਿਆ ਅਤੇ ਪੂਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗੱਦੀ ਉਤੇ ਸਸ਼ੋਭਤ ਕੀਤਾ। ਇਸ ਲਈ ਲੜੀਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਰੱਬ-ਰਜਾਏ, ਗੁਰ-ਦਰਸਾਏ, ਧੁਰ-ਧੁਰੰਦਰੀ, ਗੁਰਗੱਦੀ ਦੇ ਸਦੀਵੀ ਮਾਲਕ ਹਨ। ਪਿਛਲੇ ਤਿੰਨ ਸੌ ਸਾਲ ਤੋਂ ਇਹੀ ਸਰੂਪ ਪਰਧਾਨ ਜਾਂ ਪਰਵਾਨ ਹਨ। ਵੀਹਵੀਂ ਸਦੀ ਕੇ ਕੁਝਕੁ ਜ਼ਿੰਮੇਵਾਰ ਸਿੱਖਾਂ ਦੀ ਮਤਿ ਉਤੇ ਹੀ ਪੋਚਾ ਫਿਰ ਗਿਆ ਜਾਪਦਾ ਹੈ,ਜਿਨ੍ਹਾਂ ਨੇ ਲੜੀਦਾਰ ਸਰੂਪ ਤੋਂ ਤਲਾਂਜਲੀ ਪ੍ਰਾਪਤ ਕਰ ਲਈ ਹੈ। ਇਸ ਤੋਂ ਨੱਕ ਮੂੰਹ ਵੱਟਦੇ ਹਨ। ਪਦ-ਛੇਦ ਸਰੂਪ ਦੇਖ ਕੇ ਫੁੱਲੇ ਨਹੀਂ ਸਮਾਉਂਦੇ।



## ਉਪਰਾਲਾ-੨

# ਗੁਰਸਿਖਾਕੈਮਨਿਭਾਵਦੀਗੁਰਸਤਿਗੁਰਕੀਵਡਿਆਈ

(ਸਲੋਕ ਮ: ੪, ਪੰਨਾ ੩੧੦)

(੧) ਗੁਰੂ ਨਾਨਕ ਸਾਹਿਬ ਜੀ ਦਾ ਜੀਵਨ, ਸੰਸਾਰ ਦੇ ਸਾਹਮਣੇ, ਦੋ ਮੋਟੇ ਪਹਿਲੂ ਪੇਸ਼ ਕਰਦਾ ਹੈ। ਇਕ ਪਹਿਲੂ ਉਹ ਹੈ ਜਿਹੜਾ ਭਾਈ ਲਹਿਣਾ ਜੀ ਦੇ ਰਾਹੀਂ ਜਗਤ ਦੇ ਸਾਹਮਣੇ ਆਇਆ ਅਤੇ ਦੂਜਾ ਉਹ ਜੋ ਗੁਰੂ ਨਾਨਕ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਰਾਹੀਂ ਜਗਤ ਨੇ ਤੱਕਿਆ ਹੈ।

(੨) ਗੁਰੂ ਨਾਨਕ ਸਾਹਿਬ ਜੀ ਜਦ ਭੀ ਸਾਹਿਬਜ਼ਾਦਿਆਂ ਨੂੰ ਕੋਈ ਕੰਮ ਕਰਨ ਦਾ ਹੁਕਮ ਦੇਂਦੇ ਤਾਂ ਸਾਹਿਬਜ਼ਾਦੇ ਆਪਣੀ ਅਕਲ ਦੀ ਮਦਦ ਨਾਲ, ਗੁਰੂ ਦੀ ਦੱਸੀ ਬਿਧੀ ਲਾਲੋਂ ਵੱਖਰੀ ਬਿਧੀ ਨਾਲ (ਜੋ ਦੁਨਿਆਵੀ ਕੋਨ ਤੋਂ ਸੁਖੱਲੀ ਅਤੇ ਠੀਕ ਮਹਿਸੂਸ ਹੁੰਦੀ ਹੋਵੇ) ਉਸ ਕੰਮ ਨੂੰ ਕਰਨ ਦਾ ਅਗੋਂ ਸੁਝਾਅ ਦਿੰਦੇ। ਬੱਚਿਆਂ ਵਲੋਂ ਆਪਣੀ ਹੁਕਮ ਦੀ ਟੀਕਾ-ਟਿਪਣੀ ਸੁਣ ਕੇ ਗੁਰੂ ਜੀ ਉਹੋ ਹੁਕਮ ਲਈ ਭਾਈ ਲਹਿਣਾ ਜੀ ਨੂੰ ਇੰਨ ਬਿੰਨ ਸ਼ਬਦਾਂ ਵਿਚ ਦੁਹਰਾਉਂਦੇ। ਭਾਈ ਲਹਿਣਾ ਜੀ ਹੁਕਮ ਦਾ ਇਸ਼ਾਰਾ ਹੁੰਦਿਆਂ ਸਾਰ ਹੀ ਤੁਰਤ-ਫੁਰਤ ਅੱਖ ਦੇ ਫੁਰੱਕੇ ਵਿਚ ਸਤਿਗੁਰਾਂ ਦੇ ਹੁਕਮ ਦੀ ਤਾਮੀਲ ਕਰਦੇ। ਕਿਉਂਕਿ ਭਾਈ ਲਹਿਣਾ ਜੀ ਨੂੰ **ਹੁਕਮਿਮੰਨੀਐਹੋਵੈ ਪਰਵਾਣੁ (੪੭੧)** ਦੀ ਸਮਝ ਆ ਚੁੱਕੀ ਸੀ, ਇਨ੍ਹਾਂ ਨੇ ਸਤਿਗੁਰਾਂ ਦੇ ਹੁਕਮ ਦੀ ਕਦੇ ਵੀ ਫੋਲਾ-ਫਾਲੀ ਨਹੀਂ ਸੀ ਕੀਤੀ। ਸਗੋਂ ਫੋਲਾ-ਫਾਲੀ ਦਾ ਸੂਖਸ਼ਮ ਖਿਆਲ ਤਕ ਵੀ ਕਦੇ ਨਹੀਂ ਸੀ ਆਇਆ। ਕੇਵਲ ਹੁਕਮ ਮੰਨਣ ਨਾਲ ਹੀ ਸੰਬੰਧ ਰੱਖਿਆ ਹੋਇਆ ਸੀ ਅਤੇ ਉਹ ਭੀ ਆਪਣੇ ਧੰਨਭਾਗ ਸਮਝ ਕੇ।

(੩) ਸਤਿਗੁਰ ਜੀ ਦੀ ਵਡਿਆਈ ਸਤਿਕਾਰ ਇਸ ਬਾਤ ਵਿਚ ਹੀ ਹੈ ਕਿ ਸਤਿਗੁਰਾਂ ਦੀ ਮਨਸ਼ਾ ਅੱਗੇ ਗੁਰਸਿੱਖ ਦਾ ਸੀਸ ਨਿਵ ਜਾਏ, ਗਦ-ਗਦ ਹੋ ਕੇ ਨਿਵੇਂ, ਸ਼ੁਕਰਾਨੇ ਵਿਚ ਨਿਵੇਂ, ਆਪੇ ਤੋਂ ਬਾਹਰ ਹੋ ਕੇ ਨਿਵੇਂ। ਤੀਸਰੇ ਜਾਮੇ ਵਿਚ ਗੁਰੂ (ਨਾਨਕ) ਅਮਰਦਾਸ ਸਾਹਿਬ ਜੀ ਜਦ ਸਿੱਖਾਂ ਪ੍ਰਤੀ,ਆਪਣੇ ਬੈਠਣ ਲਈ ਚੰਗਾ ਜਿਹਾ ਥੜ੍ਹਾ ਬਣਾਉਣ ਨੂੰ ਕਹਿੰਦੇ ਹਨ ਤਾਂ ਬਹੁਤ ਸਾਰੇ ਸਿੱਖ ਗੁਰੂ ਸਾਹਿਬ ਜੀ ਦੀਆਂ ਖ਼ੁਸ਼ੀਆਂ ਹਾਸਿਲ

ਕਰਨ ਲਈ ਚੰਗੇ-ਚੰਗੇ ਥੜ੍ਹੇ ਬਣਾਉਣ ਵਿਚ ਜੁਟ ਪੈਂਦੇ ਹਨ। ਜਦ ਗੁਰੂ ਜੀ ਨੂੰ ਥੜ੍ਹੇ ਬਣ ਜਾਣ ਦੀ ਖ਼ਬਰ ਮਿਲਦੀ ਹੈ ਤਾਂ ਗੁਰੂ ਜੀ ਥੜ੍ਹਿਆਂ ਨੂੰ ਦੇਖ ਕੇ ਸਾਰੇ ਦੇ ਸਾਰੇ ਥੜ੍ਹਾ ਨਾ-ਮਨਜ਼ੂਰ ਕਰ ਜਾਂਦੇ ਹਨ। ਉਨ੍ਹਾਂ ਨੂੰ ਢਾਹ ਕੇ ਨਵੇਂ ਸਿਰਿਓਂ ਉਨ੍ਹਾਂ ਦੀ ਜਗ੍ਹਾ, ਉਨ੍ਹਾਂ ਨੂੰ ਚੰਗਾ ਥੜ੍ਹਾ ਬਣਾਉਣ ਦਾ ਹੁਕਮ ਦੇ ਜਾਂਦੇ ਹਨ। ਗੁਰਸਿੱਖ ਆਪਣੀ ਅਕਲ ਅਤੇ ਸਰੀਰ ਤੋਂ ਤਾਣ ਮੁਤਾਬਿਕ ਹੋਰ ਚੰਗੇ ਥੜ੍ਹੇ ਬਣਾਉਂਦੇ ਹਨ। ਗੁਰੂ ਜੀ ਫਿਰ ਇਹ ਸਾਰੇ ਥੜ੍ਹੇ ਰੱਦ ਕਰ ਜਾਂਦੇ ਹਨ। ਇਹ ਸਿਲਸਿਲਾ ਕਈ ਦਿਨ ਜਾਰੀ ਰਹਿੰਦਾ ਹੈ। ਜਦ ਬਹੁਤ ਸਾਰਿਆਂ ਚਾਤਰ ਤੇ ਸਿਆਣਿਆਂ ਸਿੱਖਾਂ ਨੇ ਸੋਚਿਆ ਕਿ ਗੁਰੂ ਜੀ ਨੂੰ ਤਾਂ ਕੋਈ ਵੀ ਥੜ੍ਹਾ ਪਸੰਦ ਨਹੀਂ ਆਉਂਦਾ, ਕਈ ਦਿਨ ਹੋ ਗਏ ਹਨ ਸਾਨੂੰ ਖਪਦਿਆਂ ਨੂੰ, ਇਸ ਤੋਂ ਚੰਗਾ ਥੜ੍ਹਾ ਤਾਂ ਅਸੀਂ ਨਹੀਂ ਬਣਾ ਸਕਦੇ, ਤਦ ਇਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਥੜ੍ਹੇ ਬਣਾਉਣੇ ਛੱਡ ਦਿੱਤੇ। ਇਸ ਤਰ੍ਹਾਂ ਕਰਦਿਆਂ-ਕਰਦਿਆਂ ਥੜ੍ਹੇ ਬਣਾਉਣ ਵਾਲਿਆਂ ਦੀ ਗਿਣਤੀ ਘਟਦੀ ਗਈ। ਉਹ ਭੀ ਦਿਨ ਆ ਗਿਆ ਹੈ ਕਿ ਕੇਵਲ ਰਾਮਦਾਸ ਜੀ ਹੀ ਇਕੱਲੇ ਥੜ੍ਹਾ ਬਣਾਉਣ ਵਾਲੇ ਰਹਿ ਗਏ ਹਨ। ਇਨ੍ਹਾਂ ਇਕੱਲਿਆ ਦਾ ਬਣਾਇਆ ਹੋਇਆ ਥੜ੍ਹਾ ਭੀ ਗੁਰੂ ਜੀ ਹਰ ਰੋਜ਼ ਨਾ-ਮਨਜ਼ੂਰ ਕਰ ਜਾਂਦੇ ਅਤੇ ਉਸ ਤੋਂ ਚੰਗਾ ਥੜ੍ਹਾ ਬਣਾਉਣ ਲਈ ਕਹਿ ਜਾਂਦੇ। ਦੂਸਰੇ ਸਿੱਖ ਭੀ ਰਾਮਦਾਸ ਜੀ ਨੂੰ ਟਿੱਚਰਾਂ ਕਰਨ ਲੱਗ ਪਏ।

(੪) ਜਦ ਗੁਰੂ ਜੀ, ਰਾਮਦਾਸ ਜੀ ਦਾ ਬਣਾਇਆ ਥੜ੍ਹਾ ਰੱਦ ਕਰਦੇ ਅਤੇ ਉਸ ਦੀ ਜਗ੍ਹਾ ਉਸ ਤੋਂ ਚੰਗਾ ਥੜ੍ਹਾ ਬਣਾਉਣ ਲਈ ਹੁਕਮ ਕਰਦੇ, ਰਾਮਦਾਸ ਜੀ ਹੱਥ ਜੋੜ ਕੇ ਖਲੋ ਜਾਂਦੇ ਅਤੇ ਕਹਿੰਦੇ, ਸਤਿਗੁਰੂ ਜੀ ਮੇਰੇ ਵਿੱਚ ਅਕਲ ਨਹੀਂ ਹੈ, ਇਹ ਥੜ੍ਹਾ ਵਾਕਈ ਚੰਗਾ ਨਹੀਂ ਹੈ ਆਪ ਜੀ ਕਿਰਪਾ ਕਰ ਕੇ ਦਾਸ ਪਾਸੋਂ ਚੰਗਾ ਥੜ੍ਹਾ ਬਣਵਾਉ।'' ਇਸ ਦੇ ਨਾਲ ਹੀ ਰਾਮਦਾਸ ਜੀ ਨੂੰ ਚਾਅ ਚੜ੍ਹ ਜਾਂਦਾ ਅਤੇ ਖੁਸ਼ੀ ਵਿਚ ਦੂਣ-ਸਵਾਏ ਹੋ ਜਾਂਦੇ ਕਿ ਸ਼ੁਕਰ ਹੈ ਸਤਿਗੁਰੂ ਜੀ ਨੇ ਦਾਸ ਨੂੰ ਆਪਣੀ ਕਾਰੇ ਲਾਈ ਰੱਖਿਆ ਹੈ ਅਤੇ ਹੋਰ ਥੜ੍ਹਾ ਬਣਾਉਣ ਦਾ ਹੁਕਮ ਦੇ ਦਿੱਤਾ ਹੈ। ਰਾਮਦਾਸ ਜੀ ਨੂੰ ਤਾਂ ਕੇਵਲ ਗੁਰੂ ਜੀ ਦੀ ਰਜ਼ਾ ਵਿਚ ਰਹਿਣ ਦਾ ਚਾਅ ਸੀ ਅਤੇ ਗੁਰੂ-ਆਸ਼ੇ ਅਨੁਸਾਰ ਕੰਮ ਹੀ ਕਰੀ ਜਾਣ ਦਾ ਚਾਅ ਸੀ। ਇਨ੍ਹਾਂ ਦਾ ਥੜ੍ਹੇ ਦੀ ਚੰਗਿਆਈ ਜਾਂ ਮੰਦਿਆਈ ਨਾਲ ਵਾਸਤਾ ਨਹੀਂ ਸੀ।

(੫) ਜਦ ਗੁਰੂ ਨਾਨਕ-ਜੋਤਿ ਨੇ ਪਰਖ ਲਿਆ ਕਿ ਭਾਈ ਲਹਿਣਾ



ਜੀ ਅਤੇ ਰਾਮਦਾਸ ਜੀ ਵਿਚ ਆਪਣੀ ਚਤੁਰਾਈ ਦਾ ਮੁਸ਼ਕ ਤੱਕ ਭੀ ਨਹੀਂ ਰਿਹਾ, ਕੇਵਲ ਗੁਰੂ ਦਾ ਹੁਕਮ ਮੰਨਣ ਅਤੇ ਗੁਰੂ ਦੀ ਰਜ਼ਾ ਵਿਚ ਹੀ ਰਹਿਣ ਦਾ ਚਾਅ ਹੈ, ਤਾਂ ਗੁਰੂ ਨਾਨਕ-ਜੋਤਿ ਨੇ ਇਨ੍ਹਾਂ ਸੇਵਕਾਂ (ਸੰਤਾਂ) ਨੂੰ ਆਪਣੇ ਵਿਚ ਇਕ ਰੂਪ ਕਰਕੇ ਗੁਰੂ-ਨਾਨਕ ਦੀ ਗੱਦੀ ਉਤੇ ਸੁਸ਼ੋਭਤ ਕਰ ਦਿੱਤਾ। (੬) ਜੇ ਦਸਵੇਂ ਜਾਮੇ ਵਿਚ ਗੁਰੂ ਨਾਨਕ-ਜੋਤਿ ਨੇ ਸਿੱਖਾਂ ਪਾਸੋਂ ਸੀਸ ਮੰਗੇ ਹਨ ਤਾਂ ਸੀਸ ਭੇਟ ਕਰਨ ਵਾਲਿਆ ਨੇ ਇਹ ਨਹੀਂ ਪੁੱਛਿਆ ਕਿ ''ਤੁਸੀਂ ਸੀਸ ਕੀ ਕਰਨੇ ਹਨ''। ਕੇਵਲ ਸੀਸ ਭੇਟ ਕਰਨ ਲਈ ਹੀ ਅੱਗੇ ਵਧੇ ਹਨ ਅਤੇ ਸੀਸ ਦੇ ਦਿੱਤੇ ਹਨ। ਐਸਾ ਹੁਕਮ ਦੇਣ ਦਾ ਪਰਯੋਜਨ ਗੁਰੂ ਜੀ ਆਪ ਜਾਨਣ। ਗੁਰਸਿੱਖ ਦਾ ਸੰਬੰਧ ਅਤੇ ਫਰਜ਼ ਕੇਵਲ ਗੁਰੂ ਦੇ ਹੁਕਮ ਨੂੰ ਮੰਨਣ ਦਾ ਹੀ ਹੈ। ਗੁਰਸਿੱਖ ਗੁਰ-ਹੁਕਮਾਂ ਦੀ ਫੋਲਾ-ਫਾਲੀ ਨਹੀਂ ਕਰਦਾ। ਗੁਰਸਿੱਖ ਗੁਰ-ਹੁਕਮਾਂ ਦੀ ਫੋਲਾ-ਫਾਲੀ ਕਰਨ ਨਾਲ ਗੁਰੂ ਉੱਤੇ ਸ਼ਰਧਾ ਥਿੜਕਦੀ ਹੈ। ਸ਼ਰਧਾ ਥਿੜਕੀ ਤਾਂ ਸਭ ਕੁਝ ਗਿਆ। ਫਿਰ ਗੁਰੂ ਪਾਸੋਂ ਮਿਲਣਾ ਕੀ ਹੈ। ਪੂਰੇ ਗੁਰੂ ਉੱਤੇ ਸ਼ਰਧਾ ਬਣੀ ਰਹਿਣ ਦੇ ਕਾਰਨ ਹੀ **''ਖਾਲਸਾਮੇਰਾਸਤਿਗੁਰਪੂਰਾ''** ਵਾਲਾ ਸ੍ਰੀ ਮੁਖਵਾਕ ਸੰਸਾਰ ਦੇ ਕੰਨੀ ਪਿਆ ਸੀ। ਇੰਨ ਬਿੰਨ ਹੁਕਮ ਮੰਨਣ ਵਾਲਾ ਖਾਲਸਾ ਅਤੇ ਗੁਰੂ ਆਪਸ ਵਿਚ ਓਤ ਪੋਤ ਹਨ।

(੭) ਪਰ ਅਫਸੋਸ, ਕਿ ਕੁਝਕੁ ਸਮੇਂ ਤੋਂ ਆਪਣੀ ਚਤੁਰਾਈ ਅਤੇ ਆਪਣੀ ਵਡਿਆਈ ਦੀ ਭੁੱਖ ਦੇ ਕਾਰਨ, ਪੂਰੇ ਗੁਰੂ ਉੱਤੇ ਸਾਡੀ ਸ਼ਰਧਾ ਥਿੜਕ ਗਈ ਹੈ। ਸਾਨੂੰ ਗੁਰੂ ਸਰੂਪ ਵਿਚ ਘਾਟ ਨਜ਼ਰ ਆਉਣ ਲੱਗ ਪਈ ਹੈ। ਇਸ ਘਾਟ ਨੂੰ, ਅਸੀਂ ਆਪਣੀ ਅਕਲ ਦੇ ਤਾਣ, ਪੂਰਾ ਕਰਨ ਕਾਫ਼ੀ ਕਾਮਯਾਬ ਹੋ ਗਏ ਹਾਂ। ਉਹ ਕਿਵੇਂ? ਅਸੀਂ ਚਾਤਰ ਸਿੱਖਾਂ ਨੇ ਸੋਚਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ (ਜੁੜਤ ਸ਼ਬਦਾਂ ਵਾਲੇ) ਸਰੂਪ ਵਿਚ ਗੁਰਸਿੱਖੀ ਦਾ ਪਰਚਾਰ ਕਰਨ ਦੀ ਅਤੇ ਜ਼ਿਆਦਾ ਗਿਣਤੀ ਵਿਚ ਸੰਸਾਰੀਆਂ ਦੇ ਅੰਦਰ ਗੁਰਬਾਣੀ ਪੜ੍ਹਨ ਲਈ ਕਾਫ਼ੀ ਖਿੱਚ ਪੈਦਾ ਕਰਨ ਦੀ ਤਾਕਤ ਘੱਟ ਹੈ। ਇਸ ਧੁਰ-ਧੁਰੰਦਰੀ, ਰੱਬ-ਰਜ਼ਾਏ, ਗੁਰ-ਹੁਕਮਾਏ, ਪੂਰੇ ਗੁਰੂ ਦੇ ਭਾਣੇ ਅੰਦਰ ਅਸਥਾਪਨ ਹੋਏ ਪਾਵਨ ਲੜੀਦਾਰ ਸਰੂਪ ਨੂੰ ਅਸਾਂ ਪਦ-ਛੇਦ ਦਾ (ਰੂਪ) ਦੇ ਕੇ ਆਮ ਸੰਸਾਰੀਆਂ ਦੇ ਮਨਾਂ ਵਿਚੋਂ, ਲੜੀਦਾਰ ਸਰੂਪ ਨੂੰ ਔਖਾ ਸਮਝ ਕੇ ਇਸ ਦਾ ਸਤਿਕਾਰ ਅਤੇ ਇਸ ਦੀ ਲੋੜ ਹੀ ਖ਼ਤਮ ਕਰ ਦਿੱਤੀ ਹੈ।

(੮) ਪੂਰਾ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਹਰ ਪਹਿਲੂ ਤੋਂ ਪੂਰਾ ਹੈ,ਸਰਬ ਸ਼ਕਤੀਆਂ ਵਿਚ ਪੂਰਨ ਹੈ, ਉਪਦੇਸ਼ ਵਿਚ ਪੂਰਾ ਹੈ ਅਤੇ ਦਰਸ਼ਨ ਵਿਚ ਭੀ ਪੂਰਾ ਹੈ। ਪੂਰੇ ਗੁਰੂ ਵਿਚ ਕਿਸੇ ਭੀ ਪਰਕਾਰ ਦੀ ਊਣਤਾਈ ਨਹੀਂ ਹੈ। ਇਸ ਲਈ ਪੂਰੇ ਗੁਰੂਦੀ ਸੋਧ-ਸੁਧਾਈ (modififcation or amendment) ਹੋਣ ਦੀ ਗੁੰਜਾਇਸ਼ ਨਹੀਂ ਹੈ। ਗੁਰੂ ਨਾਨਕ ਸਾਹਿਬ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾ ਸਿੱਖਾਂ ਨੂੰ ਗੁਰੂ ਅੰਗਦ ਦੇਵ ਜੀ ਦੇ ਚਰਨੀਂ ਲਾਉਂਦਿਆਂ ਹੋਇਆਂ ਕਹਿਆ ਕਿ ''ਹੁਣ ਤੋਂ ਅੰਗਦ ਦੇਵ ਜੀ ਨੂੰ ਆਪਣਾ ਗੁਰੂ ਮੰਨਿਓ।'' ਗੁਰੂ ਅੰਗਦ ਦੇਵ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲੋਂ ਓਹੀ ਹੁਕਮ ਸਿੱਖਾਂ ਪ੍ਰਤੀ ਫਿਰ ਦੁਹਰਾਇਆ ਅਤੇ ਕਿਹਾ ਕਿ ''ਹੁਣ ਤੋਂ ਗੁਰੂ, ਅਮਰਦਾਸ ਜੀ ਨੂੰ ਗੁਰੂ ਮੰਨਿਓ''। ਇਹ ਸਿਲਸਿਲਾ ਦਸਵੇਂ ਜਾਮੇ ਤੱਕ ਜਾਰੀ ਰਿਹਾ।

(੯) ਕਲਗੀਧਰ ਪਾਤਸ਼ਾਹ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲੋਂ ਸਿਖਾਂ ਪ੍ਰਤੀ ਹੁਕਮ ਦਿੱਤਾ, ''ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।'' ਇਹ ਕਹਿ ਕੇ ਆਪ ਕਲਗੀਧਰ ਪਾਤਸ਼ਾਹ ਜੀ ਨੇ ਲੜੀਦਾਰ-ਦਰਸ਼ਨ ਬਖਸ਼ਣਹਾਰੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ। ਪਰ ਅਸਾਂ ਇਸ ਪਰਵਾਨੇ ਸਰੂਪ ਨੂੰ ਪਦ-ਛੇਦ ਕਰ ਕੇ ਚਤੁਰਾਈ ਵਰਤ ਲਈ ਹੈ। ਤਾਂ ਜੁ ਪਾਠ ਛੇਤੀ ਤੇ ਸੌਖਾ ਹੋ ਸਕੇ। ਕੂਕਿਆਂ ਵਾਲਾ ਪਤਰਾਂ-ਪਾਠ ਅਤੇ ਪਦ-ਛੇਦ ਪਾਠ ਦੋਨੋਂ ਮਨਮਤਿ ਭਰੇ ਨਿੰਦਣ ਯੋਗ ਹਨ,ਕੂਕਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਿਬ ਜੀ ਦਾ ਪੱਤਰਾ-ਪੱਤਰਾ ਕਰਨ ਦਾ ਇਰਾਦਾ ਕੀਤਾ ਸੀ, ਪਰ ਸਿੱਖ ਜਗਤ ਨੇ ਇਸ ਨੂੰ ਸਤਿਗੁਰਾਂ ਦੀ ਘੋਰ ਬੇਅਦਬੀ ਸਮਝ ਕੇ ਹਾਹਾਕਾਰ ਮਚਾ ਦਿੱਤੀ, ਅਤੇ ਕੂਕੇ ਇਹ ਕੁਕਰਮ ਕਰਨੋ ਰੁਕ ਗਏ। ਗੁਰੂ ਦੇ ਪੱਤਰੇ ਛੇਦ ਹੁੰਦੇ ਸੁਣ ਕੇ ਤਾਂ ਸਾਨੂੰ ਬਹੁਤ ਦੁੱਖ ਹੋਇਆ ਕਿ ਇਹ ਮਨਮਤਿ ਹੈ ਅਤੇ ਇਸ ਨੂੰ ਰੋਕਣ ਵਾਸਤੇ ਪੰਥ ਨੇ ਇਕੱਠਿਆਂ ਹੋ ਕੇ ਰੌਲਾ ਪਾ ਦਿੱਤਾ। ਪਰ ਗੁਰੂ ਦੇ ਪਦ-ਛੇਦ ਹੁੰਦੇ ਦੇਖ ਕੇ ਤਾਂ ਸਾਡੇ ਕੰਨ ਉੱਤੇ ਜੂੰ ਨਾ ਸਰਕੀ। ਸਿੱਖੀ ਨੂੰ ਢਹਿੰਦੀ ਕਲਾ ਵਿਚ ਲੈ ਜਾਣ ਲਈ ਇਕ ਮਨਮਤਿ ਮਾੜੀ ਕਿਉਂ ਅਤੇ ਦੂਜੀ ਮਨਮਤਿ ਚੰਗੀ ਕਿਉਂ? ਦੋਨੋਂ ਹਾਲਤਾਂ ਵਿਚ ਗੁਰਬਾਣੀ ਦੀ ਬੇ-ਅਦਬੀ ਹੈ। ਜੇ ਸਦੀਵੀ ਰਹਿਣ ਵਾਲੇ ਖਾਲਸਾ ਜੀ ਦਾ ਰੂਪ, ਕਲਗੀਧਰ ਪਾਤਸ਼ਾਹ ਜੀ ਨੇ, ਖਾਸ ਕਿਹਾ ਹੈ, ਤਾਂ ਪੱਥਰ ਉੱਤੇ ਲੀਕ ਜਾਣੋ ਕਿ ਗੁਰੂ ਦਾ ਰੂਪ ਵੀ ਖਾਸ ਹੀ ਹੈ।



ਅਤੇ ਉਸ ਖਾਸ ਰੂਪ ਕੇਵਲ ਲੜੀਦਾਰ ਰੂਪ ਹੈ-ਨਾ ਪੱਤਰਾ ਛੇਦ ਰੂਪ ਹੈ ਅਤੇ ਨਾ ਹੀ ਪਦ-ਛੇਦ ਰੂਪ ।

(੧੦) ਲੜੀਦਾਰ ਸਰੂਪ ਰੱਬ-ਘੜਤ ਸਰੂਪ ਹੈ। ਪਦ-ਛੇਦ ਸਰੂਪ ਮਨ-ਘੜਤ ਸਰੂਪ ਹੈ। '' **ਪੂਰੇਕਾਕੀਆਸਭਕਿਛੁਪੂਰਾਘਟਿਵਧਿਕਿਛੁਨਾਹੀ (੧੪੧੨)''** ਦੇ ਗੁਰਵਾਕ ਉੱਤੇ ਸਾਨੂੰ ਪੂਰਾ ਭਰੋਸਾ ਚਾਹੀਦਾ ਹੈ। ਅਸੀਂ ਭੁੱਲੜ, ਢਿੱਲੜ, ਮਾਇਆ-ਧਾਰੀ, ਆਰਾਮ-ਪਸੰਦ, ਲੜੀਦਾਰ-ਸਰੂਪ ਦੀ ਮਹਿਮਾ ਕੀ ਜਾਣੀਏ? **''ਹਮਭੂਲਹਤੁਮਸਦਾਅਭੂਲਾ..... ੧੨੧੩।''** ਅਭੁੱਲ ਗੁਰੂ ਨਾਨਕ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਦਾਰ ਸਰੂਪ ਠੀਕ ਸਾਜਿਆ ਹੈ ਇਹ ਸਰੂਪ ਸਾਜਣ ਵਿਚ ਕੋਈ ਭੁੱਲ ਨਹੀਂ ਹੋਈ। **''ਆਪਿਕਰੇਕਿਸੁਆਖੈਕੋਈ।। ਆਖਣਿਜਾਈਐਜੇਭੂਲਾਹੋਈ ।।(੧੧੪)''** ਅਭੂਲੇ ਗੁਰੂ ਨਾਨਕ ਨੇ ਜਾਣ ਮਿਥ ਕੇ, ਸਮਝ ਕੇ, ਰੱਬੀ ਰਜ਼ਾ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਦਾਰ ਸਰੂਪ ਰਚਿਆ ਹੈ ਅਤੇ ਸੰਸਾਰੀਆਂ ਨੂੰ ਇਸ ਦੇ ਚਰਨੀਂ ਲਾਇਆ ਹੈ। ਪਰ ਗੁਰਬਾਣੀ ਵੇਚ ਕੇ ਖਾਣ ਵਾਲਿਆਂ ਭੁੱਲੜਾਂ ਨੇ ਗੁਰੂ ਦਾ ਰੱਬ ਰਜਾਇਆ ਸਰੂਪ ਵਿਗਾੜ ਕੇ ਇਸ ਨੂੰ ਪਦ-ਛੇਦ ਦਾ ਜਾਮਾਂ ਚਾੜ੍ਹ ਕੇ ਸਿੱਖੀ ਨੂੰ ਸਸਤਾ ਅਤੇ ਬੇ-ਕਦਰਾ ਕੀਤਾ ਹੈ। ਲੜੀਦਾਰ ਸਰੂਪ ਦੀ ਸੇਵਾ ਸੰਭਾਲ ਹੀ ਪੂਰੇ ਗੁਰ ਦੀ ਵਡਿਆਈ ਹੈ। **''ਗੁਰਸਿਖਾਵਡਿਆਈਭਾਵੈਗੁਰਪੂਰੇਕੀਮਨਮੁਖਾਓਹਵੇਲਾਹਥਿਨਾਆਇਆ।'' (੩੦੪)** ਮਨਮੁਖਾਂ ਨੂੰ ਤਾਂ, ਚਤੁਰਾਈ-ਅਧੀਨ ਸਾਜਿਆ ਹੋਇਆ ਪਦ-ਛੇਦ ਸਰੂਪ ਹੀ ਸੌਖਾ ਅਤੇ ਚੰਗਾ ਲਗਦਾ ਹੈ। ਲੜੀਦਾਰ ਸਰੂਪ ਨੂੰ ਅਉਖਾ ਜਾਣ ਕੇ ਇਸ ਤੋਂ ਨੱਕ ਮੂੰਹ ਵੱਟਦੇ ਹਨ। ਕੈਸੇ ਮਾੜੇ ਭਾਗ ਹਨ।

(੧੧) ਪਦ-ਛੇਦਤਾ ਚਤੁਰਾਈ ਦੀ ਕਾਢ ਹੈ। ਅਤੇ 'ਚਤੁਰਾਈ' ਮਨਮੁਖਾਂ ਦੀਆਂ ਨਿਸ਼ਾਨੀਆਂ ਵਿਚੋਂ ਸਿਰ-ਕਢਵੀ ਨਿਸ਼ਾਨੀ ਹੈ। ਯਥਾ **''ਇਹੁਜਗੋਦੁਤਰਮਨਮੁਖਪਾਰਿਨਪਾਈਰਾਮ ੭੭੫।।''** (ਕਿਉਂ ?)।। **''ਅੰਤਰੇਹਉਮੈਮਤਾਕਾਮੁਕ੍ਰੋਧਚਤੁਰਾਈਰਾਮ ੭੭੫''।** ਦੇਖੋ ਪਦ-ਛੇਦੀ ਚਾਤਰਾਂ ਦਾ ਕੀ ਹਾਲ ਹੁੰਦਾ ਹੈ **ਅੰਤਰਿਚਤੁਰਾਈਥਾਇਨਾਪਾਈਬਿਰਥਾਜਨਮੁ ਗਵਾਇਆ।। ਜਮਮਗਿਦੁਖੁਪਾਵੈਚੋਟਾਖਾਵੈਅੰਤਿਗਇਆਪਛੁਤਾਇਆ ੭੭੫''।** ਏਨ੍ਹਾਂ ਚਾਤੁਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅਤੇ ਇਲਾਹੀ ਲੜੀਦਾਰ ਸਰੂਪ ਦੀ ਪਦ-ਛੇਦਤਾ ਰਾਹੀਂ ਤਰਮੀਮ (modification) ਕਰ ਦਿੱਤੀ ਹੈ। ਇਸ ਤਰਮੀਮ ਨਾਲ ਇਨ੍ਹਾਂ ਨੇ ਆਪਣੇ ਖ਼ਿਆਲ ਵਿਚ ਔਖੇ ਗੁਰੂ

ਨੂੰ ਪਬਲਿਕ ਵਾਸਤੇ ਸੌਖਾ ਕਰ ਦਿੱਤਾ ਹੈ।

(੧੨) ਤਰਮੀਮ ਉਸ ਚੀਜ਼ ਦੀ ਹੋਇਆ ਕਰਦੀ ਹੈ ਜਿਸ ਦੀ ਪਹਿਲੀ ਬਣਤਰ ਵਿਚ ਕੋਈ ਘਾਟ ਜਾਂ ਅਧੂਰਾਪਨ ਰਹਿ ਗਿਆ ਹੋਵੇ ਅਜਿਹੀ ਘਾਟ ਨੂੰ ਤਰਮੀਮ ਰਾਹੀਂ ਪੂਰਾ ਕੀਤਾ ਜਾਂਦਾ ਹੈ। ਇਕ ਪਾਸੇ ਤਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰਾ ਗੁਰੂ ਕਹਿੰਦੇ ਹਾਂ ਅਤੇ ਦੂਜੇ ਪਾਸੇ ਇਹਨਾਂ ਨੂੰ ਪਦ-ਛੇਦਤਾ ਤਰਮੀਮ ਦਾ ਮੁਹਤਾਜ ਸਮਝਦੇ ਹਾਂ। ਇਹ ਤਾਂ ਫਿਰ ਹਾਸੋ-ਹੀਣੀ ਗੱਲ ਹੋਈ-ਨਾਲੇ ਪੂਰਾ ਅਤੇ ਨਾਲੇ ਅਧੂਰਾ। ਅਫਸੋਸ, ਸਦ ਅਫਸੋਸ ਪਦ-ਛੇਦੀਆਂ ਦੀ ਮਤਿ ਉੱਤੇ। ਇਸ ਤੋਂ ਭੀ ਜ਼ਿਆਦਾ ਉਹਨਾਂ ਸਿੱਖਾਂ ਉੱਤੇ ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਨਾਨਕ-ਅਸਥਾਪੇ-ਲੜੀਦਾਰ-ਸਰੂਪ ਨੂੰ ਔਖਾ ਜਾਣਕੇ ਅੱਖੋਂ ਪਰੋਖਾ ਕਰ ਲਿਆ ਹੈ ਅਤੇ ਇਨਸਾਨੀ ਚਤੁਰਾਈ ਅਧੀਨ ਅਸਥਾਪੇ ਪਦ-ਛੇਦ ਸਰੂਪ ਨੂੰ ਤਰਜੀਹ ਦੇ ਰੱਖੀ ਹੈ।

(੧੩) ਗੁਰਬਾਣੀ ਦੀ ਲੜੀਦਾਰ ਰਚਨਾ ਰੱਬ ਦਾ ਇਕ ਖਾਸ ਚੋਜ ਹੈ। ਗੁਰਬਾਣੀ ਦੀ ਲੜੀਦਾਰਤਾ ਵਿਚ ਮਨ ਦੀ ਇਕਾਗਰਤਾ ਹੈ, ਨਿਰਮਾਣਤਾ ਹੈ, ਹਉਮੈ ਦਾ ਅਭਾਵ ਹੈ, ਆਤਮਕ ਹੁਲਾਰੇ ਹਨ ਅਤੇ ਭੈ-ਭਾਵਨੀ ਸਹਿਤ ਸੇਵਾ ਦਾ ਚਾਅ ਹੈ। ਗੁਰੂ ਦੀ ਵਡਿਆਈ ਕਰਨ ਦਾ ਭਾਵ ਹੈ ਕਿ ਗੁਰਸਿੱਖ ਨੂੰ ਗੁਰੂ ਦਾ ਸਭ ਕੁਝ ਹੀ-ਗੁਰੂ ਦਾ ਹੁਕਮ, ਗੁਰੂ ਦੀ ਰਜ਼ਾ, ਗੁਰੂ ਦਾ ਨਾਮ, ਗੁਰੂ ਦਾ ਰੂਪ (ਦਰਸ਼ਨ), ਬ-ਸਰੋ-ਚਸ਼ਮ ਮਨਜ਼ੂਰ ਹੈ।

ਯਥਾ-''**ਤੇਰਾਨਾਮਰੂੜੋਰੂਪਰੂੜੋਅਤਿਰੰਗੁਰੂੜੋਮੇਰੋਰਾਮਈਆ ੬੯੩**''। ਅਤੇ ਉਹ ਧੁਰ-ਧੁਰੰਦਰੀ ਗੁਰ ਦਰਸਾਇਆ ਰੂੜ੍ਹੋ ਰੂਪ ਲੜੀਦਾਰ ਰੂਪ ਹੈ। ਚਾਤੁਰ ਮਨ-ਘੜਤ ਪਦ-ਛੇਦ ਰੂਪ ਨਹੀਂ। ਆਓ ਆਪਾ ਸਾਰੇ ਪਿਛਲੀਆਂ ਭੁੱਲਾਂ ਬਖਸ਼ਵਾ ਕੇ ਗੁਰੂ-ਨਾਨਕ-ਸੰਵਾਰੇ ਲੜੀਦਾਰ ਸਰੂਪ ਦੇ ਚਰਨੀਂ ਲੱਗੀਏ। ਇਹੋ ਹੀ ਸਤਿਗੁਰੂ ਦੀ ਵਡਿਆਈ ਹੈ।



## ਉਪਰਾਲਾ-੩

## ਅਵੁਰਉਪਾਉਨਕੋਈਸੂਝੈਨਾਨਕਤਰੀਐਗੁਰਬਚਨੀ

(ਪੰ: ੧੧੯੬)

(੧) ਕਲਗੀਧਰ ਸੱਚੇ ਪਾਤਸ਼ਾਹ ਜੀ ਦੇ ਸਮੇਂ ਜਦ ਅਨੰਦਪੁਰ ਸਾਹਿਬ ਦਾ ਕਿਲ੍ਹਾ ਲੱਖਾਂ ਦੁਸ਼ਮਨਾਂ ਦੇ ਘੇਰੇ ਵਿਚ ਸੀ ਤਾਂ ਬਾਹਰੋਂ ਰਸਦ ਆਉਣ ਦੇ ਸਭ ਰਸਤੇ ਬੰਦ ਹੋ ਗਏ। ਜੋ ਖਾਣ ਪੀਣ ਦਾ ਸਾਮਾਨ ਕਿਲ੍ਹੇ ਵਿਚ ਮੌਜੂਦ ਸੀ, ਉਸ ਨਾਲ ਬਹੁਤ ਲੰਮਾ ਸਮਾਂ ਬਤੀਤ ਨਾ ਹੋ ਸਕਿਆ। ਭੁੱਖ ਨੇ ਬੜਾ ਪ੍ਰੇਸ਼ਾਨ ਕੀਤਾ। ਕਿਲ੍ਹੇ ਵਿਚ ਮੌਜੂਦ ਦਰੱਖਤਾਂ ਦੇ ਪੱਤੇ ਅਤੇ ਛਿਲਕੇ ਆਦਿ ਭੀ ਜ਼ਿਆਦਾ ਮਦਦ ਨਾ ਕਰ ਸਕੇ। ਆਖ਼ਰ ਭੁੱਖ ਤੋਂ ਤੰਗ ਆ ਕੇ ਚਾਲ੍ਹੀ ਸਿੰਘਾਂ ਨੇ ਕਲਗੀਧਰ ਜੀ ਪਾਸੋਂ ਘਰਾਂ ਨੂੰ ਜਾਣ ਦੀ ਆਗਿਆ ਮੰਗੀ। ਸੱਚੇ ਪਾਤਸ਼ਾਹ ਜੀ ਨੇ ਉਨ੍ਹਾਂ ਨੂੰ ਕੁਝ ਹੋਰ ਸਮਾਂ ਰੁਕ ਜਾਣ ਲਈ ਕਿਹਾ। ਇਨ੍ਹਾਂ ਸਿੰਘਾਂ ਨੇ ਆਪਣੇ ਸੁਖ ਨੂੰ ਮੁਖ ਰੱਖ ਕੇ ਗੁਰੂ ਸਾਹਿਬ ਜੀ ਦਾ ਬਚਨ ਨਾ ਮੰਨਿਆ ਅਤੇ ਆਪ-ਹੁਦਰਤਾ ਵਿਚ ਗੁਰੂ ਜੀ ਨੂੰ ਅਤੇ ਬਾਕੀ ਸਿੰਘਾਂ ਨੂੰ ਪਿੱਛੇ ਛਡਿ,ਘਰਾਂ ਨੂੰ ਪਰਤ ਜਾਣ ਦਾ ਪੱਕਾ ਫ਼ੈਸਲਾ ਕਰ ਲਿਆ।

(੨) ਇਨ੍ਹਾਂ ਦਾ ਇਰਾਦਾ ਤੱਕ ਕੇ ਸਾਹਿਬ ਜੀ ਨੇ ਇਨ੍ਹਾਂ ਨੂੰ ਕਿਹਾ ਕਿ ''ਜੇ ਤੁਸੀਂ ਜਾਣਾ ਹੀ ਹੈ ਅਤੇ ਸਾਡਾ ਬਚਨ ਵੀ ਨਹੀਂ ਮੰਨਣਾ ਤਾਂ ਤੁਸੀਂ ਸਾਨੂੰ ਬਿਦਾਵਾ ਲਿਖ ਕੇ ਦੇ ਜਾਓ ਕਿ 'ਤੁਸੀਂ ਸਾਡੇ ਗੁਰੂ ਨਹੀਂ ਅਤੇ ਅਸੀਂ ਤੁਹਾਡੇ ਸਿੱਖ ਨਹੀਂ।'' ਤਾਂ ਇਨ੍ਹਾਂ ਚਾਲ੍ਹੀਆਂ ਨੇ ਭੁੱਖ ਤੋਂ ਮਜ਼ਬੂਰ ਹੋ ਕੇ, ਦੁਨਿਆਵੀ ਸੁਖਾਂ ਨੂੰ ਮੁਖ ਰਖਦਿਆਂ ਹੋਇਆ, ਗੁਰੂ ਜੀ ਨੂੰ ਬਿਦਾਵਾ ਲਿਖ ਕੇ ਦੇ ਦਿੱਤਾ ਅਤੇ ਕਿਲ੍ਹਾ ਛੱਡ ਘਰਾਂ ਨੂੰ ਪਰਤ ਗਏ। ਇਨ੍ਹਾਂ ਨੂੰ ਬਿਦਾਵਾ ਲਿਖ ਕੇ ਦੇਣ ਲਗਿਆ ਨੂੰ ਗੁਰੂ ਸਾਹਿਬ ਦੀ ਸ਼ਖਸੀਅਤ (personality) ਬਾਰੇ ਇਹ ਖ਼ਿਆਲ ਨਾ ਆਇਆ ਕਿ ਉਹ ਤਾਂ

''**ਅਮਰੁਵੇਪਰਵਾਹੁਹੈਤਿਸੁਨਾਲਿਸਿਆਣਪਨਚਲਈਨਹੁਜਤਿਕਰਣੀਜਾਇ**''।।

ਉਸ ਨਾਲ ਤਾਂ ''**ਆਪੁਛੋਡਿਸਰਣਾਇਪਵੈਮੰਨਿਲਏਰਜਾਇ**'' **(੧੨੫੦-੫੧)** ਵਾਲਾ ਸਤਿਕਾਰ ਹੀ ਕਰਨਾ ਬਣ ਆਉਂਦਾ ਹੈ। ਪਰ ਇਹ ਚਾਲੀ ਆਪਣੀ ਮਤਿ ਨੂੰ ਠੀਕ ਸਮਝ ਕੇ ਅਨੰਦ-ਪੁਰੀ ਛੱਡ ਆਏ।

(੩) ਜਦ ਇਹ ਚਾਲ੍ਹੀ, ਮਾਝੇ ਦੇਸ ਵਿਚ ਪਹੁੰਚ ਕੇ ਮਾਈ ਭਾਗ ਕੌਰ

ਜੀ ਨੂੰ ਮਿਲੇ ਤਾਂ ਮਾਤਾ ਜੀ ਨੇ ਇਨ੍ਹਾਂ ਪਾਸੋਂ ਕਲਗੀਧਰ ਪਾਤਸ਼ਾਹ ਜੀ ਦੀ ਸੁੱਖ-ਸਾਂਦ ਪੁੱਛੀ ਅਤੇ ਇਨ੍ਹਾਂ ਪਾਸੋਂ ਸਾਰਾ ਹਾਲ ਸੁਣਿਆ। ਮਾਤਾ ਜੀ ਤਾਂ ਗੁਰਸਿੱਖੀ ਪਿਆਰ ਦੇ ਨਮੂਨੇ ਸਨ। ਹਾਲ ਸੁਣ ਕੇ ਉਨ੍ਹਾਂ ਦੀ ਆਤਮਾ ਬੜੀ ਦੁਖੀ ਹੋਈ। ਮਾਤਾ ਜੀ ਨੇ ਇਨ੍ਹਾਂ ਨੂੰ ਬਹੁਤ ਲ੍ਹਾਅਨਤਾਂ ਪਾਈਆਂ ਅਤੇ ਕਿਹਾ ਕਿ ''ਜਿਸ ਜਾਨ ਨੂੰ ਭੁੱਖ ਤੋਂ ਬਚਾਉਣ ਲਈ ਗੁਰੂ ਤੋਂ ਬੇ-ਮੁਖ ਹੋ ਆਏ ਜੋ, ਇਸ ਨੂੰ ਕਿਤਨੀ ਕੁ ਦੇਰ ਬਚਾਈ ਰਖੋਗੇ? ਅੰਤ ਨੂੰ ਇਹ ਪੰਜ ਭੂਤਕੀ ਚੋਲਾ ਛੱਡਣਾ ਹੈ,ਫਿਰ ਤੁਹਾਡਾ ਕੌਣ ਸਹਾਈ ਹੋਵੇਗਾ? ਤਹਾਨੂੰ ਗੁਰੂ ਤੋਂ ਵਿਛੜਿਆਂ ਨੂੰ ਹਰਿ ਦਰਗਹਿ ਢੋਈ ਕੌਣ ਦੇਵੇਗਾ? ਤੁਹਾਡਾ ਚੁਰਾਸੀ ਦਾ ਗੇੜ ਮੁੱਕ ਨਹੀਂ ਪਾਏਗਾ। ਇਨ੍ਹਾਂ ਵਿਚਾਰਿਆਂ ਨੂੰ ਸ਼ਾਇਦ ਇਹ ਖਿਆਲ ਨਹੀਂ ਸੀ ਆਇਆ ਕਿ (ਜੋ)

**''ਕੋਈਵਿਛੁੜਿਜਾਇਸਤਿਗੁਰੂਪਾਸਹੁਤਿਸੁਕਾਲਾਮੁਹੁਜਮਮਾਰਿਆ (੩੧੨) ।।''**

ਤੁਸਾਂ ਗੁਰੂ ਨੂੰ ਪਿੱਠ ਦੇ ਕੇ ਆਉਣ ਵਾਲਾ ਬਹੁਤ ਮਾੜਾ ਕੰਮ ਕੀਤਾ ਹੈ। ਤੁਸਾਡਾ ਭਲਾ ਇਸ ਵਿਚ ਹੀ ਹੈ ਕਿ ਵਾਪਸ ਸਤਿਗੁਰਾਂ ਦੇ ਚਰਨੀਂ ਜਾਏ ਪਵੋ ਅਤੇ ਆਪਣੀ ਭੁੱਲ ਬਖਸ਼ਵਾ ਲਵੋ। ਚਲੋ, ਮੈਂ ਭੀ ਤੁਹਾਡੇ ਨਾਲ ਚੱਲਦੀ ਹਾਂ।''

(੪) ਮਾਤਾ ਜੀ ਦੇ ਦ੍ਰਿੜ-ਵਿਸ਼ਵਾਸ਼ੀ ਬਚਨ ਸੁਣ ਕੇ ਇਨ੍ਹਾਂ ਸਿੰਘਾਂ ਨੂੰ ਆਤਮਕ ਹਲੂਣਾ ਮਿਲਿਆ, ਆਪਣੀ ਕੀਤੀ ਭੁੱਲ ਉੱਤੇ ਪਸਚਾਤਾਪ ਸ਼ੁਰੂ ਹੋ ਗਿਆ। ਇਹ ਮੁੜ ਆਪਣੇ ਠਿਕਾਣੇ ਆ ਗਏ ਅਤੇ ਇਹ ਸਾਰੇ ਕਲਗੀਧਰ ਪਾ.ਤਸ਼ਾਹ ਜੀ ਦੀ ਚਰਨੀਂ ਲੱਗਣ ਲਈ ਮੁੜ ਤਿਆਰ ਹੋ ਗਏ। ਵਾਪਸ ਮੁੜਿਆਂ ਜਾਂਦਿਆ ਦੀ,ਮੁਕਤਸਰ ਦੀ ਪਾਵਨ ਧਰਤੀ ਉੱਤੇ, ਗੁਰੂ ਸਾਹਿਬ ਜੀ ਦਾ ਪਿੱਛਾ ਕਰੀ ਆਉਂਦੀ ਮੁਗਲ ਫ਼ੌਜ ਦੇ ਇਕ ਦਸਤੇ ਨਾਲ ਮੁੱਠ-ਭੇੜ ਹੋ ਗਈ। ਇਹ ਸਿੰਘ ਅਤੇ ਮਾਤਾ ਭਾਗ ਕੌਰ ਜੀ ਜਾਨ ਤੋੜ ਕੇ ਲੜੇ। ਫ਼ੌਜੀ ਦਸਤਾ ਪਰਤ ਗਿਆ।

(੫) ਗੁਰੂ ਸਾਹਿਬ ਭੀ ਇਕ ਟਿੱਬੀ ਉਤੋਂ ਇਹ ਜੰਗ ਦੇਖ ਰਹੇ ਸਨ ਅਤੇ ਸਿੰਘਾਂ ਦੀ ਸਹਾਇਤਾ ਵਿਚ ਸਿੰਨ੍ਹ-ਸਿੰਨ੍ਹ ਕੇ ਤੀਰ ਚਲਾ ਰਹੇ ਸਨ। ਲੜਾਈ ਪਿਛੋਂ ਜ਼ਖਮੀ ਅਤੇ ਸ਼ਹੀਦ ਸਿੰਘਾਂ ਦੀ ਸੰਭਾਲ ਲਈ ਗੁਰੂ ਜੀ ਮੌਕੇ ਉੱਤੇ ਪੁੱਜੇ। ਸ਼ਹੀਦ ਸਿੰਘਾਂ ਨੂੰ ਵਾਰੀ-ਵਾਰੀ ਵਰ ਦੇਂਦੇ ਹੋਏ (੩੯ ਸਿੰਘ ਸ਼ਹੀਦ ਹੋ ਚੁੱਕੇ ਸਨ) ਭਾਈ ਮਹਾਂ ਸਿੰਘ ਜੀ ਪਾਸ (ਜੋ ਅਜੇ ਸਹਿਕ ਰਹੇ ਸਨ) ਪਹੁੰਚੇ ਅਤੇ ਕਹਿਓ ਨੇ, ''ਸਿੰਘਾ, ਅਸੀਂ ਤੇਰੇ ਤੇ ਨਿਹਾਲ ਹਾਂ। ਮੰਗ



ਕੀ ਮੰਗਦਾ ਹੈ? ''ਤਾਂ ਭਾਈ ਮਹਾਂ ਸਿੰਘ ਜੀ ਬੋਲੇ,ਮੇਰੇ ਨਾਲ ਦੇ ਸਿੰਘਾਂ ਦੀਆਂ ਰੂਹਾਂ ਭਟਕ ਰਹੀਆਂ ਹਨ, ਉਨ੍ਹਾਂ ਨੂੰ ਦਰਗਾਹੇ ਢੋਈ ਨਹੀਂ ਮਿਲ ਰਹੀ। ਆਪ ਜੀ ਦਾ ਬਚਨ ਨਾ ਮੰਨਣ ਕਰਕੇ ਇਸ ਨੌਬਤ ਨੂੰ ਪਹੁੰਚੇ ਹਾਂ। ਆਪ ਜੀ ਕਿਰਪਾ ਕਰਕੇ ਸਾਨੂੰ ਮੁਆਫ਼ ਕਰ ਦਿਓ ਅਤੇ ਸਾਡੀ ਬਾਂਹ ਫੜ ਲਉ।'' ਤਾਂ ਗੁਰੂ ਜੀ ਨੇ ਜੇਬ ਵਿਚੋਂ ਬਿਦਾਵੇ ਵਾਲਾ ਕਾਗਜ਼ ਕੱਢ ਕੇ ਭਾਈ ਮਹਾਂ ਸਿੰਘ ਦੇ ਸਾਹਮਣੇ ਫਾੜ ਕੇ ਇਨ੍ਹਾਂ ਚਾਲੀਆਂ ਦੀ ਟੁੱਟੀ ਗੰਢ ਲਈ, ਅਤੇ ਇਨ੍ਹਾਂ ਨੂੰ ਚਾਲੀ ਮੁਕਤੇ ਦਾ ਖ਼ਿਤਾਬ ਦਿੱਤਾ। ਤਾਂ ਤੁਰੰਤ ਹੀ ਭਾਈ ਮਹਾਂ ਸਿੰਘ ਜੀ ਭੀ ਆਪਣੇ ਨੇਤਰਾਂ ਦੁਆਰਾ ਗੁਰ-ਚਰਨਾਂ ਨੂੰ ਗਲਵਕੜੀ ਪਾ ਕੇ ਸਦੀਵੀ ਨੀਂਦ ਸੌ ਗਏ।

(੬) ਆਮ ਪਰਾਚਰਕਾਂ ਦਾ ਇਸ ਪ੍ਰਸੰਗ ਨੂੰ ਸੁਣਾਉਣ ਦਾ ਮਨੋਰਥ ਇਹ ਦੱਸਣ ਦਾ ਹੁੰਦਾ ਹੈ ਕਿ ਗੁਰੂ ਸਾਹਿਬ ਬੜੇ ਕਿਰਪਾਲੂ ਹਨ, ਸ਼ਰਨ ਆਇਆ ਦੀ ਲਾਜ ਰੱਖਣਹਾਰ ਹਨ ਅਤੇ ਟੁੱਟੀ ਗੰਢਣਹਾਰ ਹਨ। ਗੁਰੂ ਸਾਹਿਬ ਜੀ ਦੀ ਵਡਿਆਈ ਤਾਂ ਗੁਰੂ ਸਾਹਿਬ ਜੀ ਦੇ ਹਰ ਚੋਜ ਵਿਚ ਪਰਗਟ-ਪਹਾਰੇ ਅਪਰ ਅਪਾਰ ਨਜ਼ਰ ਆਉਂਦੀ ਹੈ। ਉਹ ਤਾਂ ਹਨ ਹੀ ਮਹਾਂ ਦਇਆਲੂ ਅਤੇ ਬਖਸਿੰਦ। ਜੋ ਭੀ (ਭਾਵੇਂ ਕਿਤਨਾ ਹੀ ਪਾਪੀ ਕਿਉਂ ਨਾ ਹੋਵੇ) ਗੁਰੂ ਜੀ ਦੀ ਸ਼ਰਨੀ ਆ ਪੈਂਦਾ ਹੈ, ਗੁਰੂ ਜੀ ਉਸ ਨੂੰ ਬਖਸ਼ ਦੇਂਦੇ ਹਨ। ਪਰ ਅਸਾਂ ਬਿਦਾਵੇ ਵਾਲੇ ਪ੍ਰਸੰਗ ਦਾ ਇਕ ਹੋਰ ਪਹਿਲੂ ਵੀਚਾਰਨਾ ਹੈ, ਜੋ ਜ਼ਿਆਦਾ ਧਿਆਨ ਦੇਣ ਯੋਗ ਹੈ।

(੭) ਗੁਰੂ ਜੀ ਦੀ ਮਰਜ਼ੀ ਨਾਲ ਚੱਲਣ ਦੇ ਲਾਭ ਨੂੰ ਅਤੇ ਆਪਣੀ ਮਨ-ਮਰਜ਼ੀ ਨਾਲ ਚੱਲਣ ਦੇ ਘਾਟੇ ਨੂੰ, ਸਾਰੇ ਜਗਤ ਨੂੰ ਸਪੱਸ਼ਟ ਤੌਰ ਤੇ ਦੱਸਣ ਲਈ, ਗੁਰੂ ਜੀ ਨੇ ਪਰਲੇ ਦਰਜੇ ਦੇ 'ਕਸ਼ਟ ਸਹਾਰ ਕੇ' ਸਾਰਾ ਸਰਬੰਸ ਵਾਰ ਕੇ, ਬਿਅੰਤ ਹੀਰੇ ਸਿੰਘਾਂ ਦੀਆਂ ਸ਼ਹੀਦੀਆਂ ਦੇ ਕੇ, ਇਹ ਬਿਦਾਵੇ ਵਾਲਾ ਪ੍ਰਸੰਗ ਰਚਿਆ,ਤਾਂ ਜੁ ਸੰਸਾਰ ਇਸ ਨੂੰ ਭੁੱਲ ਨਾ ਜਾਏ। ਇਹ ਪਵਿੱਤਰ ਖ਼ੂਨ ਨਾਲ ਲਿਖਿਆ ਹੋਇਆ ਸਾਕਾ, ਪੜ੍ਹ ਸੁਣ ਕੇ ਵਾਹਵਾ ਵਾਹਵਾ ਕਰਨ ਲਈ ਜਾ ਕਿਸੇ ਸ਼ਰੇਣੀ ਉਤੇ ਰੋਸ ਕਰਨ ਲਈ ਨਹੀਂ ਹੈ, (ਇਹ ਪ੍ਰਸੰਗ ਤਾਂ ਸਾਡੇ ਲਈ ਅਤੇ ਸਾਡੀਆਂ ਆਉਣ ਵਾਲੀਆਂ ਨਸਲਾਂ ਲਈ ਰਹਿੰਦੀ ਦੁਨੀਆਂ ਤੱਕ) ਸਾਡਾ ਬਚਾਅ ਕਰਨ ਹਿਤ (ਮਾਨਸ ਜਨਮ ਦਾ ਅਸਲੀ ਮੰਤਵ ਪੂਰਾ ਕਰਨ ਹਿਤ ਸਤਿਗੁਰੂ ਜੀ ਨੇ ਰਚਿਆ ਹੈ। ਇਹ ਬਿਦਾਵੇ ਵਾਲਾ ਸਾਕਾ, ਖਾਲਸੇ ਦਾ ਹੱਡ-ਬੀਤੀ ਸਾਕਾ, ਪਵਿੱਤਰ ਖ਼ੂਨ

ਨਾਲ ਰੰਗਿਆ ਹੋਇਆ ਸਾਕਾ, ਬਿਅੰਤ ਸੰਤਾਂ ਭਗਤਾਂ ਦੀਆਂ ਸ਼ਹੀਦੀਆਂ ਨਾਲ ਸ਼ਿੰਗਾਰਿਆਂ ਹੋਇਆ ਸਾਕਾ, ਕਲਗੀਧਰ ਪਾਤਸ਼ਾਹ ਜੀ ਦਾ ਇਕ ਖ਼ਾਸੁਲ ਖ਼ਾਸ, ਸਬਕ-ਆਮੋਜ਼ ਅਤੇ ਕਦੇ ਨਾ ਭੁੱਲਣ ਵਾਲਾ ਇਤਿਹਾਸਕ-ਚੋਜੀ-ਹੁਕਮਨਾਮਾ ਹੈ। ਉਹ ਕਿਵੇਂ ?

(੮) ਇਹ ਪ੍ਰਸੰਗ (ਹੁਕਮਨਾਮਾ) ਸਾਨੂੰ ਖਬਰਦਾਰ ਕਰਦਾ ਹੈ। ਅਤੇ ਚੁਰਾਸੀ ਤੋਂ ਬਚਣ ਦਾ ਰਸਤਾ ਦੱਸਦਾ ਹੈ। ਉਹ ਰਸਤਾ ਇਹ ਹੈ ਕਿ ਗੁਰੂ ਅਨੁਸਾਰੀ ਹੋਣਾ ਅਤੇ ਜੀਵਨ ਭਰ ਗੁਰੂ ਅਨੁਸਾਰੀ ਬਣੇ ਰਹਿਣਾ। ਬੱਸ ! ਇਸ ਤੋਂ ਜ਼ਰਾ ਭਰ ਭੀ ਏਧਰ ਓਧਰ ਹੋਣ ਵਿਚ ਬਚਾਅ ਨਹੀਂ ਹੈ। ਗੁਰੂ ਅੱਗੇ ਹੁੱਜਤ, ਦਲੀਲ, ਬਹਿਸ-ਮੁਬਾਹਸਾ ਜਾਂ ਆਪਣੀ ਚਤੁਰਾਈ ਨਹੀਂ ਚੱਲਦੀ। ਏਥੇ ਤਾਂ ''**ਜੇਕੋਭਲਾਲੋੜੈਭਲਅਪਨਾਗੁਰਆਗੈਢਹਿਢਹਿਪਾਵੈਗੋ**'' **(੧੩੧੦)** ਅਨੁਸਾਰ ਜੀਵਨ ਢਾਲਣ ਦੀ ਲੋੜ ਹੈ। ਤਾਂ ਹੀ ਗੁਰਸਿੱਖ ਦਾ ਭਲਾ ਹੈ। ਆਪਣੀ ਅਕਲ, ਜਿਸ ਨੂੰ ਅਸੀਂ ਗੁਰੂ ਘਰ ਵਿਚ ਭੀ ਢਾਕੈ ਟੰਗੀ ਫਿਰਦੇ ਹਾਂ, ਇਕ ਪਾਸੇ ਰੱਖ ਕੇ ''**ਜੋਗੁਰੁਕਹੈਸੋਈਭਲਮਾਨਹੁ**'' **(ਪੰਨਾ ੬੬੭)** ਨੂੰ ਹਰ ਦਮ ਯਾਦ ਰੱਖਣ ਦੀ ਲੋੜ ਹੈ। ਇਹ ਪ੍ਰਸੰਗ ਗੁਰਸਿਖਾਂ ਲਈ ਸ਼ੀਸ਼ਾ ਹੈ।

(੯) ਇਸ ਸ਼ੀਸ਼ੇ ਨੂੰ ਸਾਹਮਣੇ ਰੱਖ ਕੇ, ਆਓ ਖਾਂ ਜ਼ਰਾ ਆਪਣੇ ਅੰਦਰ ਝਾਤ ਮਾਰ ਕੇ ਦੇਖੀਏ ਕਿ ਅਸੀਂ ਕਿਤਨੇ ਕੁ ਪਾਣੀ ਵਿਚ ਹਾਂ। ਚਾਲੀ ਸਿੰਘਾ ਨੂੰ ਤਾਂ ਭਲਾ ਭੁੱਖ ਨੇ ਤੰਗ ਕੀਤਾ ਅਤੇ ਗੁਰੂ ਜੀ ਨੂੰ ਪਿੱਠ ਦੇ ਕੇ ਗੁਰੂ ਤੋਂ ਮੂੰਹ ਫੇਰ ਗਏ। ਸਾਨੂੰ ਕਿਸ ਨੇ ਮਜ਼ਬੂਰ ਕੀਤਾ ਹੈ, ਜੁ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪਰਗਟ ਗੁਰਾਂ ਦੀ ਦੇਹ) ਦੇ ਪਾਵਨ ਲੜੀਵਾਰ ਸਰੂਪ ਨੂੰ ਪਿੱਠ ਦੇ ਬੈਠੇ ਹਾਂ? ਸਾਨੂੰ ਮਾਇਆ ਅਤੇ ਸੁਖਿਆਰੇ ਸਿੱਖਾਂ ਦੀ ਵਾਹਵਾ ਦੀ ਭੁੱਖ ਨੇ ਮਜਬੂਰ ਕੀਤਾ ਹੈ। ਸਾਨੂੰ ਨਾ ਤਾਂ ਗੁਰੂ ਨਾਲ ਪਿਆਰ ਹੈ ਅਤੇ ਨਾਂ ਹੀ ਗੁਰਸਿਖੀ ਨਾਲ। ਸਾਨੂੰ ਨਾ ਗੁਰੂ ਦਾ ਭੈ ਹੈ, ਨਾ ਗੁਰੂ ਨੂੰ ਖੁਸ਼ ਕਰਨ ਦਾ ਚਾਅ ਹੈ। ਸਾਨੂੰ ਤਾਂ ਕੇਵਲ ਮਾਇਆ ਚਾਹੀਦੀ ਹੈ। ਜਿਵੇਂ ਭੀ ਮਿਲੇ, ਠੀਕ ਹੈ। ਗੁਰਸਿੱਖੀ ਢਿੱਲੀ ਜਾਂ ਕਮਜ਼ੋਰ ਪੈ ਜਾਣ ਦੀ ਪਰਵਾਹ ਨਹੀਂ। ਸਾਨੂੰ ਤਾਂ ਗਾਹਕੀ ਵਧਾਉਣ ਦੀ ਧੁਨ ਹੈ।

(੧੦) ਤਾਹੀਓਂ ਹੀ ਸ੍ਰੀ ਗੁਰੂ ਗ੍ਰੰਥ ਸਾਹਬਿ ਜੀ ਦੇ ਪਦ-ਛੇਦ ਸਰੂਪ ਛਾਪਣ ਵਾਲੇ ਠੇਕੇਦਾਰਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਣਲਿਖਿਆ ਬਿਦਾਵਾ ਦੇ ਦਿੱਤਾ ਜਾਪਦਾ ਹੈ ਕਿ-''ਐ ਗੁਰੂ ਨਾਨਕ ਸਾਹਿਬ ਜੀ ਦੀ



ਗੱਦੀ ਦੇ ਧੁਰ-ਧੁਰੰਦਰੀ ਲੜੀਦਾਰ ਦਰਸ਼ਨ ਬਖਸ਼ਣਹਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਓ ਕਲਗੀਧਰ ਪਾਤਸ਼ਾਹ ਜੀ ਨੇ ਆਪ ਜੀ ਨੂੰ ਮੱਥਾ ਟੇਕ ਕੇ ਸਿੱਖਾਂ ਨੂੰ ਹੁਕਮਨ ਆਪ ਜੀ ਦੇ ਲੜ ਲਾਇਆ ਸੀ, ਪਰ ਸਾਨੂੰ ਅਤੇ ਗਾਹਕਾਂ ਨੂੰ ਆਪ ਜੀ ਦੇ ਦਰਸ਼ਨ ਕਰਨ ਵਿਚ ਬੜੀ ਦਿੱਕਤ ਪੇਸ਼ ਹੋਰ ਨਹੀਂ ਸਹਾਰੀ ਜਾਂਦੀ, ਸਾਨੂੰ ਤੁਹਾਡਾ ਸਰੂਪ ਰਾਸ ਨਹੀਂ ਬੈਠਦਾ, ਇਸ ਲਈ ਅਸੀਂ ਆਪ ਜੀ ਨਾਲੋਂ ਆਪਣਾ ਸਨਬੰਧ ਤੋੜਦੇ ਹਾਂ। ਅਸੀਂ ਅਤੇ ਸਾਡੇ ਸੁਖਿਆਰੇ ਗਾਹਕ ਪਦ-ਛੇਦ ਸਰੂਪ ਨਾਲ ਬੜੇ ਖੁਸ਼ ਅਤੇ ਸੌਖੇ ਹਨ। ਤੁਸੀਂ ਹੁਣ ਅਪਣਾ ਬਿਲਾ ਕਰੋ।

(੧੧) ਪਦ-ਛੇਦੀਆਂ ਨੇ, ਗੁਰੂ ਤੋਂ ਬੇਮੁਖਤਾਈ ਦੇ ਕਾਰਨ, ਆਪਣਾ ਤਾਂ ਨਾਸ ਹੀ ਕਰ ਲਿਆ ਹੈ, ਆਪਣੇ ਨਾਲ-ਨਾਲ ਅਨਭੋਲ ਸਿੱਖ ਜਨਤਾ ਦੀ ਬੇੜੀ ਵਿਚ ਭੀ ਵੱਟੇ ਪਾ ਕੇ, ਇਨ੍ਹਾਂ ਨੂੰ ਤੱਤ ਗੁਰਮਤਿ ਤੋਂ ਦੁਰੇਡੇ ਲਿਜਾ ਰਹੇ ਹਨ। ਹਰ ਪਦ-ਛੇਦ ਪਾਠੀ ਸਮਝਦਾ ਹੈ ਕਿ ਮੈਂ ਸ਼ੁੱਧ ਪਾਠ ਕਰਦਾ ਹਾਂ (ਇਹ ਸੂਖਸ਼ਮ ਹਉਮੈ ਹੈ) ਅਤੇ ਦੂਸਰਿਆਂ ਪਾਠੀਆਂ ਨੂੰ ਸਮਝਦਾ ਹੈ ਕਿ ਉਹ ਅਸ਼ੁੱਧ ਪਾਠ ਕਰਦੇ ਹਨ। (ਇਹ ਦੂਸਰਿਆਂ ਦੀ ਸੂਖਸ਼ਮ ਨਿੰਦਿਆ ਹੈ) ਲੜੀਦਾਰ ਸਰੂਪ ਤੋਂ ਪਾਠ ਕਰਨ ਵਾਲੇ ਪ੍ਰੇਮੀਆਂ ਉੱਤੇ ਹਉਮੈ ਅਤੇ ਨਿੰਦਿਆਂ ਵਾਲਾ ਦੂਸ਼ਨ ਤਾਂ ਲੱਗ ਹੀ ਨਹੀਂ ਸਕਦਾ, ਕਿਉਂਕਿ ਉਨ੍ਹਾਂ ਦੇ ਤਾਂ ਖ਼ਾਬੋ-ਖ਼ਿਆਲ ਵਿਚ ਵੀ ਨਹੀਂ ਆਉਂਦਾ ਕਿ ਅਸੀਂ ਸ਼ੁਧ ਪਾਠ ਕਰਦੇ ਹਾਂ ਜਾਂ ਕਰ ਸਕਦੇ ਹਾਂ, ਤਾਂ ਦੂਸਰਿਆਂ ਨੂੰ ਉਨ੍ਹਾਂ ਨੇ ਕੀ ਕਹਿਣਾ ਹੋਇਆ? ਇਹ ਗੁਰੂ ਪਿਆਰੇ ਤਾਂ ਬੜੇ ਨਿਰਮਾਣ ਹੋ ਕੇ, ਖੜੋ ਕੇ, ਹੱਥ ਜੋੜ ਕੇ, ਨੈਣ ਮੂੰਦ ਕੇ, ਗਲ ਪੱਲਾ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੂਹਰੇ ਤਰਲਿਆਂ ਭਰੀ ਅਰਦਾਸ ਕਰਦੇ ਹਨ, ਕਿ ਹੇ ਸਮਰੱਥ ਪਰਤੱਖ ਜ਼ਾਹਰਾ ਜ਼ਹੂਰ, ਸਰਬ-ਕਲਾ ਭਰਪੂਰ ਸੱਚੇ ਸਤਿਗੁਰੂ ਜੀਓ। ਆਪ ਜੀ ਦੀ ਪਾਵਨ ਗੁਰਬਾਣੀ, ਇਹ ਧੁਰ ਕੀ ਆਈ, ਅਗਾਧ ਬੋਧ ਬਾਣੀ ਦਾ ਸ਼ੁਧ ਪਾਠ ਕਰਨਾ ਅਸਾਂ ਅਲਪੱਗ ਜੀਵਾਂ ਲਈ ਅਸੰਭਵ ਹੈ। ਆਪ ਜੀ ਕਿਰਪਾ ਕਰਕੇ ਦਾਸਾਂ ਦੀਆਂ, ਪਾਠ ਕਰਦਿਆਂ ਹੋਇਆਂ ਹੋ ਗਈਆਂ ਭੁੱਲਾਂ ਦੀ ਮੁਆਫ਼ੀ ਬਖਸ਼ੋ ਜੀ, ਅਤੇ ਅੱਗੇ ਤੋਂ ਸ਼ੁੱਧ ਪਾਠ ਕਰਨ ਦੀ ਸੋਝੀ ਬਖਸ਼ੋ ਜੀ। ਇਸ ਪ੍ਰਕਾਰ ਦੀਆਂ ਨਿਰਮਾਣਤਾ ਅਤੇ ਗੁਰਸਿੱਖੀ ਪਿਆਰ ਭਰੀਆਂ ਜੋਦੜੀਆਂ ਗੁਰੂ ਦੇ ਲਾਲ ਕਰਦੇ ਹੀ ਰਹਿੰਦੇ ਹਨ।

(੧੨) ਇਹ ਜੋਦੜੀਆਂ ਗੁਰ-ਆਸ਼ੇ ਅਨੁਸਾਰ ਹਨ। ਯਥਾ:

**"ਮਨਤੂੰਮਤਮਾਣੁਕਰਹਿਜਿਹਉਕਿਛੁਜਾਣਦਾਗੁਰਮੁਖਿਨਿਮਾਣਾਹੋਹੁ (੪੪੧) ।।"** ਨਾ ਖ਼ੁਦ ਮਾਣ ਕਰਦੇ ਹਨ ਅਤੇ ਨਾ ਹੀ ਕਿਸੇ ਪਾਠੀ ਦੀ ਨਿੰਦਿਆਂ ਕਰਦੇ ਹਨ। ਤਾਹੀਓਂ ਹੀ ਇਸ ਪ੍ਰਕਾਰ ਦੀਆਂ ਅਰਦਾਸਾਂ ਸੁਨਣਹਾਰੇ (ਸਤਿਗੁਰੂ) ਨੇ, ਆਪਣੇ ਲਾਡਲੇ ਤੱਤ ਗੁਰਸਿੱਖਾਂ ਪ੍ਰਤੀ ਕਿਹਾ ਹੈ ਕਿ, **"ਜੇ ਬਾਹਰਹੁਭੁਲਿਚੁਕਿਬੋਲਦੇਭੀਖਰੇਹਰਿਭਾਣੇ (੪੫੦)।।"** ਕੈਸਾ ਲਾਭ ਹੈ ਤੱਤ ਗੁਰਸਿੱਖੀ ਇਖ਼ਤਿਆਰ ਕਰਨ ਦਾ। ਤਾਂ ਤੇ ਲੜੀਦਾਰ ਸਰੂਪ ਤੋਂ ਹੀ ਪਾਠ ਕਰਨਾ ਗੁਰੂ-ਆਸ਼ੇ ਅਨੁਸਾਰ ਬਣ ਆਉਂਦਾ ਹੈ।

(੧੩) ਪੁਰਾਤਨ ਚਾਲੀ ਸਿੰਘਾਂ ਨੇ ਤਾਂ ਬਿਦਾਵਾ ਲਿਖ ਕੇ ਗੁਰੂ ਜੀ ਨੂੰ ਗੁਰੂ-ਦਰਬਾਰ ਵਿਚ ਹੀ ਰਹਿਣ ਦਿੱਤਾ ਸੀ ਅਤੇ ਆਪ ਗੁਰ-ਦਰਬਾਰੋਂ ਬਾਹਰ ਨਿਕਲ ਤੁਰੇ ਸਨ। ਪਰ ਹੁਣ ਦੇ ਪਦ-ਛੇਦੀ ਬੇਦਾਵੀਆਂ ਨੇ ਤਾਂ ਹੱਦ ਕਰ ਦਿੱਤੀ ਹੈ। ਇਨ੍ਹਾਂ ਨੇ ਗੁਰੂ ਨੂੰ ਹੀ ਗੁਰਦੁਆਰਿਆਂ ਵਿਚੋਂ ਕੱਢ ਬੱਸ ਕੀਤੀ ਅਤੇ ਆਪ ਗੁਰਦੁਆਰੇ ਮੱਲ ਕੇ ਬੈਠ ਗਏ ਹਨ। ਇਹ ਲੋਕ ਘਰ ਬੈਠੇ ਬੈਠਾਏ, ਮਾਇਆ ਵਿਚ ਰੰਗ ਰਲੀਆਂ ਮਾਣ ਰਹੇ, ਬਾਲ ਉਪਦੇਸ਼ ਪੜ੍ਹ ਕੇ ਗੁਰ-ਦਰਸ਼ਨ ਕਰਨਾ ਲੋਚਣ ਵਾਲੇ ਗੁਰਸਿੱਖੀ ਦੀ ਕਦਰ ਅਤੇ ਸਤਿਗੁਰੂ ਜੀ ਦਾ ਸਤਿਕਾਰ ਕੀ ਜਾਨਣ? ਗੁਰੂ ਜੀ ਦੀ ਕਦਰ ਅਤੇ ਸਤਿਕਾਰ ਉਨ੍ਹਾਂ ਨੂੰ ਹੀ ਹੈ ਜਿਹੜੇ ਗੁਰੂ ਦੇ ਹੁਕਮਾਂ ਤੋਂ ਮਰ ਮਿਟਦੇ ਹਨ, ਗੁਰੂ ਦੇ ਇਸ਼ਾਰੇ ਤੇ ਚੱਲਦੇ ਹਨ, ਜਿਹੜੇ ਸਮੁੱਚਾ ਜੀਵਨ ਹੀ ਗੁਰੂ ਅਨੁਸਾਰੀ ਹੋ ਕੇ ਬਤੀਤ ਕਰਦੇ ਹਨ। ਬਲਿਹਾਰ ਜਾਈਏ ਗੁਰੂ ਤੋਂ ਭੀ। ਗੁਰੂ ਭੀ ਅਜੇਹੇ ਗੁਰੂ-ਪਿਆਰੇ -ਗੁਰਸਿਖਾਂ ਤੋਂ ਸਦਾ ਹੀ ਕੁਰਬਾਨ ਹੁੰਦਾ ਹੈ, ਯਥਾ: **ਜਨਨਾਨਕਸਦਾ ਕੁਰਬਾਣੁਤਿਨਜੋਚਾਲਹਿਸਤਿਗੁਰਭਾਇ (੧੪੧੫)।।"** ਸਤਿਗੁਰੂ ਜੀ ਦੀ ਮਰਜ਼ੀ ਨਾਲ (ਸਤਿਗੁਰ-ਅਨੁਸਾਰੀ ਹੋ ਕੇ) ਚੱਲਣ ਵਾਲਿਆਂ ਗੁਰਸਿਖਾਂ ਤੋਂ ਗੁਰੂ ਜੀ ਹਮੇਸ਼ਾ ਹੀ ਕੁਰਬਾਨ ਜਾਂਦੇ ਹਨ।

(੧੪) ਗੁਰੂ ਨਾਨਕ ਸਾਹਿਬ ਜੀ ਨੇ ਦਸਵੇਂ ਜਾਮੇ ਵਿਚ ਵਿਚਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਲੜੀਦਾਰ ਸਰੂਪ ਮੂਹਰੇ, ਧਰਤੀ ਉੱਤੇ ਗੋਡਿਆ ਭਾਰ ਹੋ ਕੇ, ਆਪਣਾ ਪਾਵਨ ਮਸਤਕ ਭੁੰਜੇ ਲਾ ਕੇ ਮੱਥਾ ਟੇਕਿਆ, ਉੱਠ ਕੇ ਹੱਥ ਜੋੜ ਕੇ ਫ਼ਤਹ ਗਜਾਈ ਅਤੇ ਸਿਖਾਂ ਨੂੰ ਮੁਖ਼ਾਤਬ ਕਰ ਕੇ ਕਿਹਾ, ''ਪਰਗਟ ਗੁਰੂ ਸਾਹਿਬ ਜੀ ਹੁਣ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ ਦਰਸ਼ਨ ਇਸ ਵਿਚ ਹੋਇਆ ਕਰਨਗੇ।'' ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ (ਪੂਰਨ ਗੁਰੂ) ਵਿਚ



'ਹਰਿਪੂਰਨਬ੍ਰਹਮਿਨਿਵਾਸੁਲੀਅਉ'' (੧੪੦੯) ਵਾਲਾ ਭਾਣਾ ਵਰਤਿਆ। ਵਾਹਿਗੁਰੂ।

(੧੫) ਗੁਰਸਿੱਖਾਂ ਨੇ ਪੂਰੇ ਗੁਰੂ ਦਾ ਬਚਨ ਸੁਣਿਆ। **"ਪੂਰੇ ਗੁਰਕਾਸੁਨਿਉਪਦੇਸੁ (੨੯੫)।।"** ਫਿਰ ਕੀ ਕੀਤਾ? **"ਬਚਨੁਗੁਰੂਜੋਪੂਰੇ ਕਹਿਓਮੈਛੀਕਿਗਾਂਠਰੀਬਾਧਾ (੧੨੦੪)।।"** ਪੂਰੇ ਗੁਰੂ ਦਾ ਬਚਨ ਸੁਣ ਕੇ ਘੁਟ ਕੇ ਪੱਲੇ ਬੰਨ੍ਹ ਲਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗ ਪਏ। ਨਾਨਕ-ਕਲਗੀਧਰ ਪਾਤਸ਼ਾਹ ਜੀ ਨੇ ਆਪਣੀ ਨਿਗਰਾਨੀ ਹੇਠ ਆਪਣੇ ਮੁਖਾਰਬਿੰਦ ਤੋਂ ਸਮੱਰਥ ਗੁਰਬਾਣੀ ਉਚਾਰ ਕੇ (ਨਾਵੇਂ ਜਾਮੇ ਵਿਚ ਉਚਰੀ ਬਾਣੀ ਵਿਚ ਸ਼ਾਮਲ ਕਰ ਕੇ), ਲੜੀਦਾਰ ਸਰੂਪ ਵਿਚ ਲਿਖਵਾ ਕੇ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਦੇ ਦਾਇਮੀ ਵਾਰਿਸ ਪੂਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਰਚੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪ ਰੱਬ ਹਨ, ਯਥਾ **"ਗੁਰਪਾਰਬ੍ਰਹਮਪਰਮੇਸਰੁਸੋਇ।।" (੧੨੭੧)** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਗੁਰ ਪਰਮੇਸਰ ਹਨ। ਏਥੇ ਪਦ-ਛੇਦੀ ਬੇਦਾਵੀਏ ਕਿਹੜਾ ਬਹਾਨਾ ਲੱਭਣਗੇ ਗੁਰ ਪਰਮੇਸ਼ਵਰ ਦੇ ਨੁਕਸ ਕੱਢਣ ਦਾ ? ਇਨਾ ਨੂੰ ਗੁਰੁ ਪਰਮੇਸਰੁ ਵਿਚ ਕਿਹੜੀ ਘਾਟ ਨਜ਼ਰ ਆਏਗੀ ਜਿਸ ਨੂੰ ਦੂਰ ਕਰਨ ਲਈ ਇਹ ਲੋਕ ਮਹਾਂ ਪੁਰਖ ਦੀ ਬਾਣੀ ਨੂੰ ਪਦ-ਛੇਦ ਕਰ ਦੇਣਗੇ? ਗੁਰ ਪਰਮੇਸਰ ਤਾਂ ''ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ।''

(੧੬) ਅਸੀਂ ਕੇਹੜੇ ਮੂੰਹ ਨਾਲ ਐਸੇ ਗੁਰੂ ਦੀ ਪਦ-ਛੇਦਾ ਵਿਚ ਤੋੜਾ-ਫੜੀ ਕਰਨਾ ਲੋੜਦੇ ਹਾਂ? ਅਤੇ ਇਸ ਤੋੜਾ ਫੋੜੀ ਨਾਲ ਕਿਹੜੇ ਵਿਅਕਤੀ ਨੂੰ ਖ਼ੁਸ਼ ਕਰਨਾ ਲੋੜਦੇ ਹਾਂ ? ਕੀ ਹੋ ਗਿਆ ਹੈ ਸਾਡੀ ਮੱਤ ਨੂੰ? ਸਤਿਗੁਰ ਕਿਰਪਾ ਕਰਨ ਅਤੇ ਅਸਾਂ ਨਵੀਨ ਬੇਦਾਵੀਆਂ ਨੂੰ ਸੁਮਤਿ ਬਖਸ਼ ਕੇ ਰਾਹੇ-ਰਾਸਤ ਉੱਤੇ ਲੈ ਆਉਣ।

**"ਜਾਕੇਜੀਅਜੈਸੀਬੁਧਿਹੋਈ।। ਕਹਿਕਬੀਰਜਾਨੈਗਾਸੋਈ (੩੪੨)।।"** ਇਹ ਯਾਦ ਰਹੇ ਕਿ,**"ਪੂਰਾਗੁਰੂਪੂਰੀਮਤਿਜਾਕੀਪੂਰਨਪ੍ਰਭਕੈਕਾਮਾ (੬੩੦)।।"** ਸਾਡੀ ਮਤਿ ਹੀ ਅਧੂਰੀ ਹੈ। ਅਸੀਂ ਹੀ ਊਰੇ ਹਉਰੇ ਹਾਂ। ਗੁਰੂ ਗ੍ਰੰਥ ਸਾਹਿਬ ਜੀ ਤਾਂ ਪੂਰੇ ਗਉਰੇ ਹਨ।

## ਉਪਰਾਲਾ-੪

# ਮਾਤਾ ਸੁਲੱਖਣੀ ਜੀ ਦੀ ਗੁਰੂ ਘਰ ਵਿਚ ਮਹੱਤਤਾ

(੧) ਅੰਮ੍ਰਿਤਸਰ ਜੀ ਤੋਂ ਤਰਨ ਤਾਰਨ ਸਾਹਿਬ ਵੱਲ ਜਾਣ ਵਾਲੀ ਸੜਕ ਉੱਤੇ ਚੱਬੇ ਨਾਮ ਦਾ ਇਕ ਪਿੰਡ ਵਸਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਸੁਲੱਖਣੀ ਨਾਮ ਦੀ ਇਕ ਜ਼ਿਮੀਦਾਰ ਮਾਈ ਇਸੇ ਪਿੰਡ ਵਿਚ ਵੱਸਦੀ ਸੀ। ਇਸ ਦੇ ਪਾਸ ਜ਼ਮੀਨ ਬਹੁਤ ਸੀ, ਪਰ ਔਲਾਦ ਨਹੀਂ ਸੀ। ਔਲਾਦ ਦੀ ਖ਼ਾਤਰ ਇਸ ਮਾਈ ਨੇ ਬਹੁਤ ਸਾਧਨ ਸਾਧੇ-ਵਰਤ ਰੱਖੇ, ਦੇਵੀ ਦੇਵਤਿਆਂ ਦੀ ਪੂਜਾ ਕੀਤੀ, ਮੜ੍ਹੀਂ ਮਸਾਣੀਂ ਗਈ, ਗੁੱਗਾ ਪੀਰ ਮਨਾਇਆ, ਪੁੰਨ ਦਾਨ ਕੀਤੇ, ਤੀਰਥਾਂ ਤੇ ਗਈ, ਬਹੁਤ ਸੁੱਖਣਾਂ ਸੁੱਖੀਆਂ, ਪਰ ਮਨ ਦੀ ਮੁਰਾਦ ਪੂਰੀ ਨਾ ਹੋਈ। ਇਸ ਤਰ੍ਹਾਂ ਜਫਰ ਜਾਲਦੀ ਨੂੰ ਜਵਾਨੀ ਦੀਆਂ ਸ਼ਾਮਾਂ ਆ ਗਈਆਂ ਅਤੇ ਪੂਰਨ ਨਿਰਾਸਤਾ ਨਾਲ ਘਰ ਬੈਠ ਗਈ।

(੨) ਇਨ੍ਹੀਂ ਦਿਨੀਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਅੰਮ੍ਰਿਤਸਰ ਸਾਹਿਬ ਹੀ ਟਿਕੇ ਹੋਏ ਸਨ। ਇਕ ਦਿਨ ਅਚਨਚੇਤ ਹੀ ਰਸਤੇ ਤੁਰੀ ਜਾਂਦੀ ਮਾਈ ਸੁਲੱਖਣੀ ਉੱਤੇ ਭਾਈ ਗੁਰਦਾਸ ਜੀ ਦੀ ਨਿਗਾਹ ਪੈ ਗਈ। ਭਾਈ ਗੁਰਦਾਸ ਜੀ ਨੂੰ ਇਸ ਮਾਈ ਦੀ ਦੌੜ-ਭੱਜ ਦਾ ਪਤਾ ਸੀ। ਪੁੱਛਣ ਲੱਗੇ, ''ਸੁਣਾ ਮਾਈ, ਕਿਤਿਓਂ ਆਸ ਬੱਝੀ? ''ਮਾਈ ਜੀ ਨੇ ਹੌਕਾ ਭਰ ਕੇ ਉੱਤਰ ਦਿੱਤਾ, ''ਹੁਣ ਤਾਂ ਸਭ ਆਸਾਂ ਖ਼ਤਮ ਹੋ ਚੁੱਕੀਆਂ ਹਨ। ਕੋਈ ਥਾਂ ਨਹੀਂ ਛੱਡੀ। ਕੋਈ ਮਨੌਤ ਬਾਕੀ ਨਹੀਂ ਰਹੀ।'' ਭਾਈ ਸਾਹਿਬ ਕਹਿਣ ਲੱਗੇ, ਮਾਈ, ਨਿਰਾਸ਼ ਨਾ ਹੋ। ਪੁੱਤਰ ਦੀ ਦਾਤ ਦੇਣ ਵਾਲੇ (ਸ੍ਰੀ ਗੁਰੂ ਹਰਿਗੋਬਿੰਦ ਸਿੰਘ ਸਾਹਿਬ ਜੀ) ਅੰਮ੍ਰਿਤਸਰ ਸਾਹਿਬ ਟਿਕੇ ਹੋਏ ਨੀਂ। ਉਨ੍ਹਾਂ ਦੇ ਚਰਨੀ ਜਾ ਪਉ। ਬੜੇ ਦਇਆਲੂ ਨੀਂ। ਪੁੱਤਰ ਦੀ ਦਾਤ ਬਖਸ਼ ਦੇਣਗੇ।''

(੩) ਭਾਈ ਗੁਰਦਾਸ ਜੀ ਦੇ ਸ਼ੁਭ ਬਚਨ ਸੁਣ ਕੇ ਮਾਤਾ-ਸੁਲੱਖਣੀ ਜੀ ਦੇ ਹਿਰਦੇ ਅੰਦਰ ਉਮੀਦ ਨੇ ਫਿਰ ਸਿਰ ਚੁੱਕ ਲਿਆ। ਅਗਲੇ ਦਿਨ ਹੀ ਮਾਤਾ ਜੀ ਨੇ ਆ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ,ਅਤੇ ਪੁੱਤਰ ਦੀ ਦਾਤ ਲਈ ਬੇਨਤੀ ਕੀਤੀ। ਗੁਰੂ ਜੀ ਬੋਲੇ, ਮਾਈ, ਤੇਰੀ ਕਿਸਮਤ ਵਿਚ



ਪੁੱਤਰ ਲਿਖਿਆ ਹੀ ਨਹੀਂ ਹੈ।'' ਇਹ ਸੁਣ ਕੇ ਮਾਤਾ ਸੁਲੱਖਣੀ ਬਿਲਕੁਲ ਹੀ ਢੇਰੀ ਢਾਹ ਕੇ ਘਰ ਵਾਪਸ ਆ ਗਈ। ਭਾਈ ਗੁਰਦਾਸ ਜੀ ਨੇ ਉਚੇ ਚੇ ਤੌਰ ਤੇ ਫਿਰ ਮਾਤਾ ਜੀ ਨੂੰ ਜਾ ਪੁੱਛਿਆ, ''ਮਾਈ ਜੀ ਸੁਣਾਓ, ਗੁਰੂ ਜੀ ਨੇ ਕੀ ਕਿਹਾ।'' ਮਾਤਾ ਜੀ ਨੇ ਬੜੇ ਦੁਖੀ ਹਿਰਦੇ ਨਾਲ ਦਸਿਆ, ''ਗੁਰੂ ਜੀ ਕਹਿੰਦੇ ਸਨ,ਮੇਰੀ ਕਿਸਮਤ ਵਿਚ ਪੁੱਤਰ ਹੈ ਹੀ ਨਹੀਂ।''

(੪) ਇਹ ਸੁਣ ਕੇ ਭਾਈ ਗੁਰਦਾਸ ਜੀ ਨੇ ਕਿਹਾ, ''ਮਾਤਾ, ਤੂੰ ਫੇਰ ਇਕ ਵੇਰ ਜਾਹ ਅਤੇ ਆਪਣੇ ਨਾਲ ਕਲਮ,ਦਵਾਤ ਅਤੇ ਕਾਗਜ਼ ਲੈ ਜਾ। ਕੱਲ੍ਹ ਗੁਰੂ ਜੀ ਫਲਾਣੇ ਰਸਤੇ ਰਾਹੀਂ ਅੱਗੇ ਨੂੰ ਜਾ ਰਹੇ ਨੀਂ। ਤੂੰ ਉਨ੍ਹਾਂ ਨੂੰ ਰਸਤੇ ਵਿਚ ਹੀ ਜਾ ਮਿਲ, ਪਰਨਾਮ ਕਰ ਕੇ ਉਨ੍ਹਾਂ ਦੇ ਘੋੜੇ ਦੀ ਲਗਾਮ ਫੜ ਲਈਂ ਅਤੇ ਕਹੀਂ, ''ਹੇ ਕਿਰਪਾਲੂ ਗੁਰੂ ਜੀ, ਕਿਸਮਤ ਲਿਖਣ ਵਾਲੇ ਤੁਸੀਂ ਹੀ ਜੇ। ਜੇ ਅੱਗੇ ਨਹੀਂ ਲਿਖਿਆ ਤਾਂ ਹੁਣ ਲਿਖ ਦਿਓ।''

(੫) ਮਾਤਾ ਜੀ ਨੇ ਇੰਜ ਹੀ ਕੀਤਾ। ਅਗਲੇ ਦਿਨ ਕਾਗਜ਼,ਕਲਮ ਅਤੇ ਦਵਾਤ ਲੈ ਕੇ ਗੁਰੂ ਜੀ ਨੂੰ ਰਸਤੇ ਵਿਚ ਹੀ ਜਾ ਮਿਲੀ। ਗੁਰੂ ਜੀ ਨੂੰ ਨਮਸਕਾਰ ਕਰ ਕੇ ਉਨ੍ਹਾਂ ਦੇ ਘੋੜੇ ਦੀ ਲਗਾਮ ਫੜ ਲਈ ਉਸ ਅਤੇ ਕਹਿਣ ਲੱਗੀ, ''ਅਹਿ ਲਉ ਕਾਗਜ਼ ਅਤੇ ਕਲਮ। ਮੈਨੂੰ ਇਕ ਪੁੱਤਰ ਦੀ ਦਾਤ ਲਿਖ ਦਿਓ। ਅੱਗੇ ਵੀ ਤਾਂ ਤੁਸੀਂ ਹੀ ਲਿਖਣੀ ਸੀ। ਜੇ ਓਦੋਂ ਨਹੀਂ ਲਿਖੀ ਤਾਂ ਹੁਣ ਲਿਖ ਦਿਓ।'' ਗੁਰੂ ਜੀ ਕਹਿਣ ਲੱਗੇ, ਮਾਈ ਤੂੰ ਕਿਸੇ ਡਾਢੇ ਦੀ ਪੜ੍ਹਾਈ ਹੋਈ ਏਂ। ਲਿਆ ਫੜਾ ਕਾਗਜ਼ ਅਤੇ ਕਲਮ, ਤੈਨੂੰ ਇਕ ਪੁੱਤਰ ਲਿਖ ਦੇਈਏ।'' ਵਾਹਿਗੁਰੂ।

(੬) ਗੁਰੂ ਜੀ ਦਵਾਤ ਵਿਚੋਂ ਟੋਭਾ ਲੈ ਕੇ ਕਾਗਜ਼ ਉਤੇ ਏਕਾ ਪਾਉਣ ਹੀ ਲੱਗੇ ਸਨ ਕਿ ਗੁਰੂ ਜੀ ਦੇ ਘੋੜੇ ਨੇ ਅਗਲੁ ਸੁੰਮ (ਪੈਰ) ਚੁੱਕ ਕੇ ਖੜਾਕੇ ਨਾਲ ਧਰਤੀ ਉਤੇ ਰਖਿਆ ਅਤੇ ਨਾਲ ਹੀ ਨਾਸਾਂ ਫਰੱਕ ਕੇ ਗਰਦਨ ਹਿਲਾ ਦਿਤੀ। ਇਸ ਹਿੱਲ ਜੁੱਲ ਦੇ ਕਾਰਨ ਏਕੇ (੧) ਮੂੰਹ ਖੁੱਲ੍ਹਾ ਰਹਿ ਗਿਆ ਅਤੇ ਏਕੇ ਦੀ ਜਗ੍ਹਾ ਸਾਤਾ (੭) ਪੈ ਗਿਆ। ਗੁਰੂ ਜੀ ਕਹਿਣ ਲੱਗੇ, ''ਮਾਈ, ਇਕ ਦੀ ਜਗ੍ਹਾ ਸੱਤ ਲਿਖੇ ਗਏ ਹਨ।'' ਮਾਤਾ ਜੀ ਕਹਿਣ ਲੱਗੇ, ''ਜੀ ਠੀਕ ਹੀ ਲਿਖੇ ਗਏ ਹਨ। ਮੈਨੂੰ ਅਸਲ ਵਿਚ ਸੱਤਾਂ ਦੀ ਹੀ ਲੋੜ ਹੈ।'' ਗੁਰੂ ਜੀ ਪਾਸੋਂ ਕਾਗਜ਼ ਫੜ ਕੇ, ਗੁਰੂ ਜੀ ਦੇ ਚਰਨ ਪਰਸਦੀ ਤੇ ਨਿਵ ਜੁਹਾਰਾਂ ਕਰਦੀ ਹੋਈ ਮਾਤਾ ਸੁਲੱਖਣੀ ਘਰ ਉਡੀ ਆਈ। ਮਾਨੋ

ਉਸ ਦਾ ਪੈਰ ਹੀ ਧਰਤੀ ਤੇ ਨਾ ਲੱਗੇ।

(੭) ਮਾਤਾ ਜੀ ਦੇ ਘਰ ਸੱਤ ਪੁੱਤਰ ਹੋਏ। ਜਿਨ੍ਹਾਂ ਵਿਚੋਂ ਛੋਟੇ ਚੋਹਾਂ ਪੁੱਤਰਾਂ ਨੇ ਕਲਗੀਧਰ ਪਾਤਸ਼ਾਹ ਜੀ ਦੀ ਫ਼ੌਜ ਵਿਚ ਭਾਰੀ ਸੇਵਾ ਕੀਤੀ। ਇਹ ਪ੍ਰਸੰਗ ਤਾਂ ਆਪਾਂ ਸਭੇ ਹੀ ਜਾਣਦੇ ਹਾਂ ਪਰ ਅਸਾਂ ਇਸ ਪ੍ਰਸੰਗ ਦੀ ਗੰਭੀਰਤਾ ਦੀ ਤਹਿ ਤੱਕ ਜਾਣਾ ਹੈ। ਉਹ ਇਹ ਹੈ ਕਿ ਗੁਰੂ ਸਾਹਿਬ ਸਾਰਿਆਂ ਜਾਮਿਆਂ ਵਿਚ ਹੀ ਵਰ ਦੇਂਦੇ ਰਹੇ। ਮਾਤਾ ਸੁਲੱਖਣੀ ਜੀ ਨੂੰ ਲਿਖਤੀ ਰੂਪ ਵਿਚ ਵਰ ਕਿਉਂ ਦਿੱਤਾ ? ''ਤੈਨੂੰ ਇਕ ਪੁੱਤਰ ਬਖਸ਼ਿਆ'' ਜਾਂ,''ਅੱਛਾ ਬੀਬੀ, ਤੇਰੇ ਘਰ ਇਕ ਪੁੱਤਰ ਹੋਵੇਗਾ'' ਏਨੇ ਨਾਲ ਹੀ ਮਾਤਾ ਸੁਲੱਖਣੀ ਜੀ ਦੀ ਤਸੱਲੀ ਹੋ ਜਾਣੀ ਸੀ। ਪਰ ਇੰਜ ਕੀਤਾ ਨਾ। ਲਿਖ ਕੇ ਵਰ ਦਿੱਤਾ। ਅਤੇ ਉਹ ਭੀ ਘੋੜੇ ਦੀ ਹਿਲ ਜੁਲ ਨਾਲ ਇਕ ਦੀ ਥਾਉਂ ਸੱਤ ਲਿਖੇ ਗਏ।

(੮) ਅੱਜ ਕੱਲ੍ਹ ਦੇ ਪੜ੍ਹੇ ਲਿਖੇ ਚਾਤੁਰ ਇਸ ਪ੍ਰਸੰਗ ਬਾਰੇ ਕਈ ਪ੍ਰਕਾਰ ਦੇ ਟੀਕਾ-ਟਿੱਪਣੀ ਭਰੇ ਪੇਸ਼ ਕਰ ਸਕਦੇ ਹਨ ਅਤੇ ਕਰਦੇ ਭੀ ਹਨ। ਗੁਰਮਤਿ-ਕੋਨ ਤੋਂ ਇਸ ਵਿਸ਼ੇ ਤੇ ਵਿਚਾਰ ਇਸ ਪ੍ਰਕਾਰ ਹੈ :-ਤੱਤ ਖਾਲਸਾ ਜਾਣਦਾ ਹੈ ਕਿ,''**ਨਾਨਕਗੁਰੁਗੁਰੂਹੈਪੂਰਾ... ''(ਪੰਨਾ੮੮੨)** ਅਤੇ ''**ਪੂਰੇਕਾਕੀਆਸਭਕਿਛੁਪੂਰਾਘਟਿਵਧਿਕਿਛੁ ਨਾਹੀ (ਪੰਨਾ ੧੪੧੨)**'' ਗੁਰੂ ਜੀ ਦੇ ਲਾਡਲੇ ਸਿੱਖ ਇਹ ਭੀ ਜਾਣਦੇ ਹਨ ਕਿ, ''**ਕਰਨੈਹਾਰਨਭੂਲਨਹਾਰਾ (ਪੰਨਾ ੨੫੩)।''** ਜੋ ਗੁਰੂ ਸਾਹਿਬ ਜੀ ਨੇ ਲਿਖਿਆ(ਕਰਤਰੀ-ਵਾਚ)ਜਾਂ ਗੁਰੂ ਜੀ ਪਾਸੋਂ ਲਿਖਿਆ ਗਿਆ (ਕਰਮਨੀ-ਵਾਚ) ਇਕ ਹੀ ਬਾਤ ਹੈ। ਇਸ ਪ੍ਰਸੰਗ ਰਾਹੀਂ ਗੁਰੂ ਸਾਹਿਬ ਜੀ ਨੇ ਜਗਤ ਨੂੰ ਇਹ ਦੱਸਣਾ ਸੀ ਕਿ ਪੂਰੇ ਗੁਰੂ ਦੀ ਸੋਚ ਅਥਵਾ ਕਰਨੀ ਅਟੱਲ ਅਤੇ ਸਤਿ ਹੈ। ਮਾਤਾ ਸੁਲੱਖਣੀ ਜੀ ਦੇ ਘਰ ਪਿਛਲੀ ਉਮਰੇ ਸੱਤ ਪੁੱਤਰਾਂ ਨੇ ਪੈਦਾ ਹੋ ਕੇ ਸਿੱਖ ਇਤਿਹਾਸ ਵਿਚ ਇਹ ਸਬੂਤ ਰੀਕਾਰਡ ਕਰਵਾ ਦਿੱਤਾ ਕਿ ਗੁਰੂ ਸਾਹਿਬ ਜੀ ਨੇ ਜੋ ਕੁਝ ਕੀਤਾ ਜਾਂ ਗੁਰੂ ਸਾਹਿਬ ਜੀ ਪਾਸੋਂ ਜੋ ਕੁਝ ਹੋਇਆ (ਜਾਂਇਹ ਭੀ ਕਹਿ ਲਉ ਕਿ ਗੁਰੂ ਸਾਹਿਬ ਜੀ ਨੇ ਜੋ ਕੁਝ ਭੀ ਆਪਣੀ ਮੌਜੂਦਗੀ ਵਿਚ ਕਰਵਾਇਆ। ਉਹੀ ਠੀਕ ਹੈ, ਸਤਿ ਹੈ ਅਤੇ ਹਰਿ ਦਰਗਹਿ ਪਰਵਾਨ ਹੈ। ਅਲਪੱਗ ਜੀਵਾਂ ਦਾ ਚਤੁਰਾਈ-ਅਧੀਨ ਸੋਚਿਆ ਵਿਚਾਰਿਆ ਜਾਂ ਕੀਤਾ ਕਰਤਿਆ ਸਭ ਕੁਝ ਮਨਮਤਿ ਹੈ ਹਰਿ-ਦਰਗਹਿ ਅ-ਪਰਵਾਨ ਹੈ।



(੯) ਭਾਈ ਗੁਰਦਾਸ ਜੀ, ਮਾਤਾ ਸੁਲੱਖਣੀ ਜੀ, ਕਲਮ, ਕਾਗਜ਼, ਸਿਆਹੀ ਅਤੇ ਗੁਰੂ ਜੀ ਦਾ ਘੋੜਾ ਇਹ ਸਾਰੇ, ਉਪਰ ਦਰਸਾਈ , ਵਰ ਦੇਣ ਵਾਲੀ ਅਗੰਮੀ ਖੇਡ ਵਿਚ ਕੇਵਲ ਖਿਡਾਰੀ ਹੀ ਸਨ। ਇਸ ਖੇਲ ਰਾਹੀਂ,ਜੋ ਮਾਤਾ ਸੁਲੱਖਣੀ ਨੇ ਇਕ ਪੁੱਤਰ ਦੀ ਮੰਗ ਸ਼ੁਰੂ ਕੀਤੀ, ਗੁਰੂ ਸਾਹਿਬ ਜੀ ਨੇ ਸਾਰੇ ਸੰਸਾਰ ਨੂੰ ਲੁਪਤ ਤਰੀਕੇ ਨਾਲ ਦੱਸਿਆ ਹੈ ਕਿ, ''ਐ ਦੁਨੀਆਂ ਦੇ ਚਾਤਰ ਲੋਕੋ, ''**ਕਰਨੈਹਾਰੁਨਭੂਲਨਹਾਰਾ (੨੫੩)।''** ਗੁਰ-ਕਰਨੀ ਰੱਬੀ ਰਜ਼ਾ ਹੈ,ਇਸ ਲਈ ਪਰਵਾਨ ਹੈ (ਗੁਰ ਕਰਨੀ ਪਰਧਾਨ ਹੈ)। ਗੁਰ ਕਰਨੀ ਵਿਚ ਗ਼ਲਤੀ ਨਹੀਂ ਹੁੰਦੀ। (**ਆਪੇਪਟੀਕਲਮਆਪਿਉਪਰਿਲੇਖੁਭਿਤੂੰ ੧੨੯੧**)

(੧੦) ਤਾਹੀਓਂ ਹੀ ਗੁਰਮਤਿ ਦੀ ਇਸ ਗੁੱਝੀ ਰਮਜ਼ ਨੂੰ ਸਮਝਣ ਵਾਲੇ ਗੁਰਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰ-ਰਚੇ ਪਾਵਨ ਲੜੀਦਾਰ ਸਰੂਪ ਦੇ ਕਾਇਲ ਹਨ। ਉਹ ਸਮਝਦੇ ਹਨ ਕਿ ਪਦ-ਛੇਦ ਸਰੂਪ ਦੀ ਰਚਨਾ ਚਾਤਰ ਸਿੱਖਾਂ ਵਲੋਂ ਗੁਰੂ ਸਾਹਿਬ ਜੀ ਦੀ ਪਾਵਨ ਅਤੇ ਪੂਰਨ ਕਰਨੀ ਦੀ ਨੁਕਤਾਚੀਨੀ ਦਾ ਲਿਖਤੀ ਸਬੂਤ ਹੈ। ਗੁਰੂ ਦੇ ਸਿੱਖ ਇਸ ਨੁਕਤਾਚੀਨੀ ਦੀ ਹਾਮੀ ਭਰਨ ਵਿਚ ਆਪਣੀ ਵੋਟ ਨਹੀਂ ਪਾਉਂਦੇ। ਇਕ ਮਨਮਤਿ ਸ਼ੁਰੂ ਕਰਨ ਨਾਲ ਕਈ ਹੋਰ ਢਿਲਿਆਈਆਂ ਸਾਡੇ ਜੀਵਨ ਵਿਚ ਆ ਸਿਰ ਚੁੱਕਦੀਆ ਹਨ।

(੧੧) ਪੂਰੇ (ਸਰਬੰਗ) ਗੁਰੂ ਨੇ ਆਪਣੀ ਪੂਰੀ ਮਤਿ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਲੜੀਦਾਰ ਸਰੂਪ ਦੀ ਸਾਜਨਾ ਸਾਜੀ। ''**ਪੂਰਾਗੁਰੁਪੂਰੀਮਤਿਜਾਕੀਪੂਰਨਪ੍ਰਭਕੇਕਾਮਾ (ਪੰਨਾ ੬੩੦)।''** ਤਾਂ ਫਿਰ ਅਸੀਂ ਵੀਹਵੀਂ ਸਦੀ ਦੇ ਅਧੂਰੀ ਮਤਿ ਵਾਲੇ ਅਲਪੱਗ ਜੀਵ ਕਿਸ ਹੀਏ ਨਾਲ ਲੜੀਦਾਰ ਸਰੂਪ ਦੀ ਥਾਉਂ ਪਦ-ਛੇਦ ਸਰੂਪਾਂ ਦੇ ਪ੍ਰਕਾਸ਼ ਕਰੀ ਚਲੇ ਜਾ ਰਹੇ ਹਾਂ? ਯਾਦ ਰਹੇ ਕਿ,''**ਪ੍ਰਭਭਾਣਾਆਪਣਾਭਾਂਵਦਾ (ਪੰਨਾ ੧੨੫੮)।''** ਰੱਬ ਨੂੰ ਇਹ ਪਦ-ਛੇਦੀਆਂ ਦਾ ਭਾਣਾ ਨਹੀਂ ਭਾਉਂਦਾ। ਮਾਤਾ ਸੁਲੱਖਣੀ ਜੀ ਦੇ ਪ੍ਰਸੰਗ ਤੋਂ ਇਹ ਗੱਲ ਬੜੀ ਸਪੱਸ਼ਟ ਹੈ ਕਿ ਗੁਰੂ ਸਾਹਿਬ ਗਲਤੀ ਨਹੀਂ ਕਰਦੇ। ਤਾਂ ਫਿਰ ਪਦ-ਛੇਦ ਸਰੂਪਾਂ ਰਾਹੀਂ ਅਸੀਂ ਗੁਰੂ ਸਾਹਿਬ ਜੀ ਦੀ ਕਰਨੀ ਨੂੰ ਗ਼ਲਤ ਸਾਬਤ ਕਰਨ ਦਾ ਪਾਪ ਨਾ ਕਮਾਈਏ। ਕਲਗੀਧਰ ਪਾਤਸ਼ਾਹ ਜੀ ਨੇ ਜੋ ਕੀਤਾ ਹੈ, ਉਸ ਨੂੰ ਸਤਿਕਾਰ ਸਹਿਤ ਮੰਨ ਲਈਏ।

ਇਸ ਵਿਚ ਹੀ ਸੁਖ ਹੈ। ਨਹੀਂ ਤਾਂ ਸਾਡੀ ਖੇਹ-ਖਰਾਬੀ ਹੀ ਹੋਵੇਗੀ। ਯਥਾ ਗੁਰਵਾਕ :-**ਜੋਜੋਕਰੈਸੋਈਮਨਿਲੇਹੁ।। ਬਿਨੁਮਾਨੇਰਲਿਹੋਵਹਿਖੇਹ (੮੯੬)।"** ਇਸ ਲਈ ਪਦ-ਛੇਦਤਾ ਦੇ ਹਾਮੀਆਂ ਨੂੰ, ਸੋਚ ਕੇ, ਆਪਣੇ ਭਲੇ ਲਈ, ਪਦ-ਛੇਦਤਾ ਦੀ ਕੁ-ਰੀਸ ਤਿਆਗ ਦੇਣੀ ਚਾਹੀਦੀ ਹੈ।

(੧੨) ਮਹਿੰਗੀ ਬਾਣੀ ਦਾ ਸ਼ੁੱਧ ਉਚਾਰਨ ਦੱਸਣ ਜਾਂ ਸਿਖਲਾਉਣ ਦਾ ਇਹ ਤਰੀਕਾ ਨਹੀਂ ਕਿ ਸਮੁੱਚੀ ਬਾਣੀ ਹੀ ਪਦ-ਛੇਦ ਕਰ ਕੇ ਧਰ ਦਈਏ। ਗੁਰਬਾਣੀ ਕੋਸ਼ (ਡਿਕਸ਼ਨਰੀ) ਇਸ ਕਾਰਜ ਵਿਚ ਕਾਫ਼ੀ ਹੱਦ ਤੱਕ ਸਹਾਈ ਹੈ। ਪਦ-ਛੇਦ ਦੇ ਹਾਮੀ ਇਹ ਢੁਚਰ ਡਾਹੁੰਦੇ ਹਨ ਕਿ "ਲੜੀਦਾਰ ਸਰੂਪ ਤੋਂ ਪਾਠ ਕਰਨਾ ਔਖਾ ਹੈ, ਗਲਤੀਆਂ ਹੁੰਦੀਆਂ ਹਨ, ਬੱਚੇ ਇਸ ਤੋਂ ਪਾਠ ਨਹੀਂ ਕਰ ਸਕਦੇ, ਪਦ-ਛੇਦ ਸਰੂਪ ਤੋਂ ਬੱਚੇ ਪਾਠ ਕਰ ਸਕਦੇ ਹਨ, ਥੋੜੇ ਪੜ੍ਹੇ ਭੀ ਪਾਠ ਕਰ ਸਕਦੇ ਹਨ, ਗਲਤੀਆਂ ਬਿਲਕੁਲ ਨਹੀਂ ਹੁੰਦੀਆਂ, ਜਾਂ ਬਹੁਤ, ਘੱਟ ਹੁੰਦੀਆਂ ਹਨ, ਪਾਠ ਨ ਕਰਨ ਨਾਲੋਂ ਪਾਠ ਕਰ ਸਕਣਾ ਤਾਂ ਚੰਗੀ ਹੈ ਨਾ" ਇਤਿ ਆਦਿ।

(੧੩) ਇਸ ਖ਼ਿਆਲ ਦੇ ਹਾਮੀ "ਗੁਰਸਿੱਖ ਜੀਵਨੀ" ਅਤੇ ਮਨਮੁਖਿ ਜੀਵਨੀ" ਵਿਚ ਸ਼ਾਇਦ ਫ਼ਰਕ ਨਹੀਂ ਸਮਝਦੇ। ਗੁਰਮੁਖਿ ਜੀਵਨੀ ਹੈ ਗੁਰੂ ਆਸ਼ੇ ਅਨੁਸਾਰੀ ਹੈ ਕੁ ਚਲਣਾ (ਗੁਰੂ ਜੀ ਕੀਤੇ ਦਾ ਸਤਿਕਾਰ ਕਰਨਾ) ਰੱਬ ਨੂੰ ਤਾਂ ਸਾਰੇ ਹੀ ਯਾਦ ਕਰਦੇ ਹਨ-ਗੁਰਮੁਖਿ ਭੀ ਅਤੇ ਮਨਮੁਖਿ ਭੀ, ਲੜੀਵਾਰ ਸਰੂਪ ਦੇ ਉਪਾਸ਼ਕ ਭੀ ਅਤੇ ਪਦ-ਛੇਦ ਸਰੂਪ ਦੇ ਹਾਮੀ ਭੀ। ਤਾਂ ਫਿਰ ਫ਼ਰਕ ਕਿੱਥੇ ਹੋਇਆ ? ਇਸ ਸਵਾਲ ਦਾ ਉਤਰ ਗੁਰੂ ਜੀ ਆਪ ਹੀ ਦੇਂਦੇ ਹਨ :-

**ਮਨਮੁਖਿਹਰਿਹਰਿਕਰਿਥਕੇਮੈਲੁਨਾਸਕੀਧੋਇ" (ਪੰਨਾ ੩੯)** ਮਨਮੁਖ ਨੇ ਆਪਣੀ ਚਤੁਰਾਈ ਅਧੀਨ ਰੱਬ ਨੂੰ ਬਥੇਰਾ ਯਾਦ ਕੀਤਾ, ਪਾਠ ਪੂਜਾ ਕੀਤੀ, ਪਰ ਉਨ੍ਹਾਂ ਦੀ ਪਾਪਾਂ ਦੀ ਮੈਲ ਧੁਪਣੋਂ ਰਹਿ ਗਈ "**ਕਬੀਰ ਰਾਮੈਰਾਮਕਹੁਕਹਿਬੇਮਾਹਿਬਿਬੇਕ। ਏਕਅਨੇਕੈਮਿਲਿਗਇਆਏਕਸਮਾਨਾਏਕ (੧੩੭੪)।।"** ਸੱਭੇ ਹੀ ਵਾਹਿਗੁਰੂ ਦਾ ਸਿਮਰਨ ਕਰਦੇ ਹਨ ਪਰ ਸਿਮਰਨ ਕਰਨ ਵਿਚ ਫ਼ਰਕ (ਬਿਬੇਕ) ਹੈ ਉਹ ਫ਼ਰਕ ਕੀ ਹੈ ? ਉਹ ਫ਼ਰਕ ਇਹੀ ਹੈ ਕਿ, ਮਨਮੁਖਿ ਸਹਸ-ਸਿਆਣਪੀ ਚਤੁਰਾਈਆਂ ਵਿਚ ਰੱਬ ਰੱਬ ਕਰਦਾ ਹੋਇਆ ਚੁਰਾਸੀ ਦੇ ਭੀੜ-ਭੜੱਕੇ ਦੀ ਭਰਮਾਰ ਵਿਚ ਜਾ ਮਿਲਿਆ



(ਅਨੇਕੈ ਮਿਲਿ ਗਇਆ) ਭਾਵ, ਕਿ ਚੌਰਾਸੀ ਭੁਗਤਣ ਵਾਲਿਆ ਵਿਚ ਜਾ ਰਲਿਆ,ਅਤੇ ਗੁਰਮੁਖਿ (ਗੁਰੂ ਕਰਨੀ ਪਰਵਾਨ ਕਰਨ ਵਾਲਾ, ਗੁਰੂ ਅਨੁਸਾਰੀ ਹੋ ਕੇ ਚੱਲਣ ਵਾਲਾ ਗੁਰੂ ਦੇ ਕੀਤੇ ਦਾ ਸਤਿਕਾਰ ਕਰਨ ਵਾਲਾ) ਰੱਬ-ਰੱਬ ਕਰਦਾ ਰੱਬ ਵਿਚ ਜਾ ਰਲਿਆ, ਇਕ (ਰੱਬ) ਵਿਚ ਸਮਾ ਗਿਆ (ਸਮਾਨ ਏਕ)। ਰੱਬ ਨੂੰ ਤਾਂ ਦੋਹਾਂ ਧੜਿਆਂ ਨੇ ਹੀ ਯਾਦ ਕੀਤਾ, ਪਹਿਲੇ ਧੜੇ ਨੇ ਆਪਣੀ ਚਤੁਰਾਈ ਇਹੋ ਫ਼ਰਕ ਹੈ। "**ਗੁਰਮੁਖਿਲਾਧਾ**" ਅਤੇ **ਮਨਮੁਖਿਗਵਾਇਆ**" ਯਥਾ: '**ਗੁਰਮੁਖਿਲਾਹਾਲੈਗਏਮਨਮੁਖਚਲੇਮੂਲਗਵਾਇ ਜੀਉ ।। (ਪੰਨਾ ੭੪)।।"**

ਉਪਰਾਲਾ-੫

# ਪਾਠ-ਬੋਧ ਸਮਾਗਮ ਦੀ ਬਹੁਮੁੱਲੀ ਦੇਣ

ਪਹਿਲਾ ਪਾਠ-ਬੋਧ ਸਮਾਗਮ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਜੀ ਵਿਚ ੨੩ ਅਗਸਤ ੧੯੭੯ ਨੂੰ ਅਰੰਭ ਹੋਇਆ ਅਤੇ ੧੫ ਸਤੰਬਰ ੧੯੭੯ ਨੂੰ ਸਮਾਪਤ ਹੋਇਆ। ਇਸ ਸਮਾਗਮ ਵਿਚ ਪੰਥ ਦੇ ਉਘੇ ਗੁਣੀ ਗਿਆਨੀ, ਟੀਕਾਕਾਰ, ਗ੍ਰੰਥੀ ਸਾਹਿਬਾਨ, ਸਿੰਘ ਸਭਾਵਾਂ ਦੇ ਵਿਦਵਾਨ, ਪੰਜਾਬ ਦੀਆਂ ਯੂਨੀਵਰਸਿਟੀਆਂ ਵਲੋਂ ਪ੍ਰਸਿੱਧ ਡਾਕਟਰ ਅਤੇ ਪ੍ਰੋਫੈਸਰ, ਫਾਰਸੀ, ਹਿੰਦੀ, ਸੰਸਕ੍ਰਿਤ ਅਤੇ ਪੰਜਾਬੀ ਜ਼ਬਾਨ ਦੇ ਮਾਹਰ, ਸਿਖ ਮਿਸ਼ਨਰੀ ਕਾਲਜ਼ ਦੇ ਪ੍ਰਿੰਸੀਪਲ, ਕਈ ਉਘੀਆਂ ਸੰਸਥਾਵਾਂ ਦੇ ਨੁਮਾਇੰਦੇ, ਹਰਖੋਵਾਲ ਅਤੇ ਸੁਲਤਾਨਪੁਰ ਦੇ ਸੰਤ ਸਾਹਿਬਾਨ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਦੇ ਗ੍ਰੰਥੀ ਸਾਹਿਬਾਨ, ਕਈ ਹੋਰ, ਗੁਰਬਾਣੀ ਦੀ ਚੰਗੀ ਸੂਝ ਰੱਖਣ ਵਾਲੇ ਵਿਚਾਰਵਾਨ ਪ੍ਰੇਮੀ ਸੱਜਣ ਅਤੇ ਕਈ ਤੱਤ ਗੁਰਸਿੱਖੀ ਦੇ ਭੌਰੇ ਗੁਰਸਿਖਾਂ ਨੇ ਹਿੱਸਾ ਲਿਆ।

(੨) ਉਪਰ ਦਰਸਾਏ ਵੀਚਾਰਵਾਨਾ ਦੀ ਸਹਾਇਤਾ ਵਾਸਤੇ ਹੇਠ ਲਿਖੀਆਂ ਲਿਖਤਾਂ ਵੱਲ ਭੀ ਚੋਖਾ ਧਿਆਨ ਦਿਵਾਇਆ ਗਿਆ ਹੈ :-

(ੳ) ਭਾਈ ਗੁਰਦਾਸ ਜੀ ਦੀਆਂ ਵਾਰਾਂ,

(ਅ) ਟੀਕਾਂ ਭਾਈ ਕਾਹਨ ਸਿੰਘ ਜੀ ਨਾਭਾ,

(ੲ) ਟੀਕਾ ਭਾਈ ਸਾਹਿਬ ਭਾਈ ਵੀਰ ਸਿੰਘ ਜੀ,

(ਸ) ਟੀਕਾ ਪ੍ਰੋਫੈਸਰ ਸਾਹਿਬ ਸਿੰਘ ਜੀ।

(ਹ) ਟੀਕਾ ਪੰਡਤ ਤਾਰਾ ਸਿੰਘ ਜੀ ਨਰੋਤਮ,

(ਕ) ਸਬਦਾਰਥ ਅਤੇ

(ਖ) ''ਲਗਾਂ ਮਾਤਰਾਂ ਦੀ ਵਿਲੱਖਣਤਾ'', ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਲਿਖਤ।

(੩) ਇਸ ਸਾਰੇ ਸਮਾਗਮ ਦਾ ਤੱਤਸਾਰ ਗੁਰਬਾਣੀ ਦਾ ਸ਼ੁਧ ਪਾਠ ਕਰਨਾ ਸੀ, ਜਿਸ ਵਿਚ ਵਿਆਕਰਣਿਕ ਨਿਯਮਾਵਲੀ ਨੂੰ ਮੁਖ ਧਿਆਨ ਦੇਣਾ ਅਤੇ ਜ਼ਰੂਰੀ ਸਮਝਿਆ ਗਿਆ :-

(ੳ) ਸ਼ਬਦਾਂ ਦਾ ਸ਼ੁਧ (ਅੱਖਰੀ) ਨਿਖੇੜ,



(ਅ) ਠੀਕ ਜਗ੍ਹਾ ਤੇ ਅਰਧ ਬਿਸਰਾਮ ਅਤੇ ਬਿਸਰਾਮ,

(ੲ) ਅੱਖਰਾਂ ਉਪਰ ਲੁਪਤ ਲਗ-ਮਾਤਰੀ ਬਿੰਦੇ ਅਤੇ ਅੱਧਕ ਦਾ ਉਚਾਰਨ,

(ਸ) 'ਹ' ਅੱਖਰ ਦਾ ਮੁਕਤਾ, ਔਕੜ ਅਤੇ ਸਿਹਾਰੀ ਸਹਿਤ ਉਚਾਰਨ,

(ਹ) 'ਯ' ਅਤੇ 'ਅ' ਅੱਖਰਾਂ ਦਾ ਉਚਾਰਨ ਅਤੇ

(ਕ) ਦੁਹਰੀਆਂ ਲਗਾਂ ਮਾਤਰਾਂ ਦਾ ਉਚਾਰਨ

**ਨੋਟ :** (ੳ) ਅੱਖਰਾਂ ਦੇ ਪੈਰ ਵਿਚ ਬਿੰਦਾ ਲਗਾ ਕੇ, ਇਨ੍ਹਾਂ ਨੂੰ ਨਵੇਂ ਅੱਖਰਾਂ ਦਾ ਰੂਪ ਦੇ ਕੇ ਉਚਾਰਨ ਦੇ ਹੱਕ ਵਿਚ, ਫ਼ਾਰਸੀ ਅਤੇ ਸੰਸਕ੍ਰਿਤਦਾਨ ਵੀ ਪੇਸ਼ ਹੋਏ, ਤਾਂ ਜੁ ਗੁਰਬਾਣੀ ਅੰਦਰ ਆਏ ਫ਼ਾਰਸੀ ਅਤੇ ਸੰਸਕ੍ਰਿਤ ਸ਼ਬਦਾਂ ਦਾ ਇਨ੍ਹਾਂ ਭਾਸ਼ਾਵਾਂ ਦੇ ਨਿਯਮਾਂ ਅਨੁਸਾਰ ਸ਼ੁਧ ਉਚਾਰਨ ਹੋ ਸਕੇ।

(ਅ) ਅੱਖਰਾਂ ਦੇ ਪੈਰ ਵਿਚ ਬਿੰਦਾ ਲਗਾ ਕੇ ਉਚਾਰਨ ਦੇ ਹੱਕ ਵਿਚ ਭੀ ਵਿਚਾਰ ਪੇਸ਼ ਹੋਏ, ਅਤੇ ਕੇਵਲ ਗੁਰੂ ਸਾਹਿਬ ਜੀ ਦੇ ਰਚੇ ੩੫ ਅੱਖਰਾਂ ਵਿਚ ਹੀ ਗੁਰਬਾਣੀ ਦੇ ਉਚਾਰਨ ਨੂੰ ਗੁਰਮਤਿ ਅਨੁਕੂਲ ਸਮਝਣ ਤੇ ਜ਼ੋਰ ਦਿੱਤਾ ਗਿਆ ਤਾਂ ਜੁ ਗੁਰਮਤਿ ਨਿਯਮਾਵਲੀ ਅਨੁਸਾਰ ਗੁਰਬਾਣੀ ਦੇ ਉਚਾਰਨ ਵਿਚ ਪੈਂਤੀਆਂ ਅੱਖਰ ਤੋਂ ਇਲਾਵਾ ਹੋਰ ਕੋਈ ਅੱਖਰ ਵਧਾ ਕੇ ਨਾ ਸ਼ਾਮਿਲ ਕੀਤਾ ਜਾਏ ਅਤੇ ਜਿਹੜੇ ਅੱਖਰਾਂ ਵਿਚ ਗੁਰਬਾਣੀ ਲਿਖੀ ਗਈ ਹੈ ਉਨ੍ਹਾਂ ਅੱਖਰਾਂ ਦੀ ਆਵਾਜ਼ ਦੀ ਹੱਦ-ਬੰਦੀ ਵਿਚ ਹੀ ਗੁਰਬਾਣੀ ਉਚਾਰੀ ਜਾਏ।

(੪) ਇਸ ਸਮਾਗਮ ਨੇ ਮੌਜੂਦਾ ਪਾਠੀਆਂ ਦੀਆਂ ਗੁਰਬਾਣੀ ਦੇ ਉਚਾਰਨ ਵਿਚ ਕਈ ਅਸ਼ੁਧੀਆਂ ਦੂਰ ਕੀਤੀਆਂ। ਪਰ ਕਈ ਥਾਈਂ ਅਜਿਹੇ ਸ਼ਬਦ ਭੀ ਆਏ ਜਿਨ੍ਹਾਂ ਦੇ ਸ਼ੁਧ ਨਿਖੇੜ ਬਾਰੇ ਕੋਈ ਨਿਰਣਾ ਲਾ ਲਿਆ ਜਾ ਸਕਿਆ, ਕਿਉਂਕਿ ਇਨ੍ਹਾਂ ਸ਼ਬਦਾਂ ਦੇ ਨਿਖੇੜ ਬਾਰੇ ਪ੍ਰਮਣੀਕ ਵਿਦਵਾਨਾਂ ਦੇ ਟੀਕੇ ਅਤੇ ਕੋਸ਼ ਅਤੇ ਹਾਜ਼ਰ ਬੁਧੀਵਾਨਾਂ ਦੀ ਅਲੱਗ ਰਾਏ ਸਾਹਮਣੇ ਆਈ। ਅਜੇਹੇ ਸ਼ਬਦਾਂ ਨੂੰ ਹੋਰ ਵਿਚਾਰ ਗੋਚਰਾ ਛੱਡਿਆ ਗਿਆ।

(੫) ਗਿਆਨੀ ਗੁਰਦਿੱਤ ਸਿੰਘ ਜੀ, ਜ: ਸਕੱਤਰ ਕੇਂਦਰੀ ਸਭਾ ਨੇ ਆਪਣੇ ਭਾਸ਼ਣ ਵਿਚ ਸਿੱਖ ਇਤਿਹਾਸ ਵਿਚ ਮਿਸਾਲਾ ਦੇ ਕੇ ਕਿਹਾ ਕਿ

''ਬਾਣੀ ਦਾ ਅਸ਼ੁਧ ਉਚਾਰਨ ਕਰਨਾ ਵੀ ਘੋਰ ਪਾਪ ਹੈ'' (ਦੇਖੋ ਸਿੰਘ ਸਭਾ ਪੱਤਰਕਾ ਨਵੰਬਰ ੧੯੭੯ ਸਫ਼ਾ ੧੨੧)। ਤਾਂ ਫਿਰ ਪਦ-ਛੇਦ ਬੀੜਾਂ ਅਸ਼ੁਧ ਪਾਠ ਕਰਨ ਦੇ ਪਰਚਾਰ ਦਾ ਹੀ ਸਾਧਨ ਹਨ ਅਤੇ ਗਿਆਨੀ ਗੁਰਦਿੱਤ ਸਿੰਘ ਜੀ ਦੇ ਘੋਖਵੇਂ ਵਿਚਾਰ ਅਨੁਸਾਰ ਇਨ੍ਹਾਂ ਬੀੜਾਂ ਤੋਂ ਪਾਠ ਕਰਨ ਵਾਲਿਆਂ ਪਾਸੋਂ ਘੋਰ ਪਾਪ ਕਰਾਉਣ ਦਾ ਹੀ ਸਾਧਨ ਹਨ। ਇਸ ਪਾਪ ਦੀ ਜ਼ਿੰਮੇਦਾਰੀ ਪੰਥ ਦੇ ਉਨ੍ਹਾਂ ਆਗੂਆਂ ਦੇ ਸਿਰ ਹੈ ਜਿਨ੍ਹਾਂ ਨੇ ਪਦ-ਛੇਦ ਬੀੜਾਂ ਛਪਵਾਈਆਂ।

(੬) ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਜਿਨ੍ਹਾਂ ਸ਼ਬਦਾਂ ਦੇ ਸ਼ੁਧ ਨਿਖੇੜ ਬਾਰੇ ਮੌਜੂਦਾ ਅਤੇ ਬੀਤੇ ਸਮੇਂ ਦੇ ਵਿਦਵਾਨਾਂ ਦੀ ਰਾਏ ਵੀ ਵਖੋ ਵਖਰੀ ਹੈ ਉਨ੍ਹਾਂ ਸ਼ਬਦਾਂ ਦੇ ਸ਼ੁਧ ਨਿਖੇੜ ਬਾਰੇ ਪੰਥਕ ਨਿਰਣਾ ਕਿਸ ਤਰ੍ਹਾਂ ਲਿਆ ਜਾਏਗਾ? ਇਹ ਕੋਈ ਅਜਿਹਾ ਮਸਲਾ ਤਾਂ ਹੈ ਨਹੀਂ ਕਿ ਇਸ ਦਾ ਬਹੁ-ਸੰਮਤੀ ਨਾਲ ਫੈਸਲਾ ਕਰ ਲਿਆ ਜਾਏ। ਇਸ ਬਾਰੇ ਸਰਬ-ਸੰਮਤੀ ਇਸ ਲਈ ਨਹੀਂ ਹੋ ਸਕਦੀ, ਕਿਉਂਕਿ ਚੋਟੀ ਦੇ ਪੁਰਾਤਨ ਵਿਦਵਾਨ, ਪ੍ਰੋ: ਸਾਹਿਬ ਸਿੰਘ ਜੀ, ਭਾਈ ਸਾਹਿਬ ਭਾਈ ਵੀਰ ਸਿੰਘ ਜੀ ਅਤੇ ਅਨੁਭਵੀ ਗਿਆਨਵਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਅਦਿ ਦੀਆਂ ਫ਼ਰਕੋ-ਫ਼ਰਕੀ ਰਾਇਆ ਪੱਥਰ ਉਤੇ ਲੀਕ ਹੋ ਚੁਕੀਆਂ ਹਨ।

(੭) ਫਿਰ ਭੀ ਇਸ ਮਸਲੇ ਦਾ ਕੋਈ ਨਾ ਕੋਈ ਹੱਲ ਜ਼ਰੂਰ ਲੱਭਣਾ ਚਾਹੀਦਾ ਹੈ। ਇਸ ਨੂੰ ਵਿਚੇ ਹੀ ਨਹੀਂ ਲਟਕਦਾ ਰਹਿਣ ਦੇਣਾ ਚਾਹੀਦਾ। ਇਸ ਲਈ-

(ੳ) ਅਸ਼ੁਧ ਬਾਣੀ ਦੇ ਉਚਾਰਨ ਤੋਂ ਪਦ-ਛੇਦ ਸਰੂਪਾਂ ਰਾਹੀਂ ਅਸ਼ੁੱਧ ਬਾਣੀ ਉਚਾਰਨ ਕਰਾਉਣ ਦੇ ਪਾਪ ਦਾ ਭਾਰ ਉਤਾਰਨ ਲਈ, ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਭ ਸਰੂਪ ਜੁੜਤ ਸ਼ਬਦਾਂ (ਲੜੀਦਾਰ ਸਰੂਪਾਂ) ਵਿਚ ਤਿਆਰ ਕੀਤੇ ਜਾਣੇ ਚਾਹੀਦੇ ਹਨ।

(ਅ) ਪਾਠੀਆਂ ਦੀ ਅਗਵਾਈ ਵਾਸਤੇ ''ਸ਼ੁਧ ਬਾਣੀ ਗਾਈਡ'' ਛਪਵਾ ਲਿਆ ਜਾਣਾ ਚਾਹੀਦਾ ਹੈ, ਜਿਸ ਵਿਚ ਮਹਿੰਗੇ (ਕਠਨ) ਸ਼ਬਦਾਂ ਦੇ ਨਿਖੇੜ ਬਾਰੇ ਵਿਦਵਾਨਾਂ ਦੀ ਰਾਏ ਦਿੱਤੀ ਜਾਏ ਅਤੇ ਲਿਖਿਆ ਜਾਏ ਕਿ, ''ਫਲਾਣਾਂ ਨਿਖੇੜ ਅਸਲੀਅਤ ਦੇ ਜ਼ਿਆਦਾ ਨਜ਼ਦੀਕ ਜਾਪਦਾ ਹੈ। ''ਇਸ ਨਾਲ ਮੌਜੂਦਾ-ਵਿਦਵਾਨਾਂ ਦੀ ਰਾਏ ਭੀ ਸ਼ਾਮਲ ਹੋ ਜਾਏਗੀ। ਇਸ ਤੋਂ ਵੱਧ ਕੁਝ ਲਿਖਿਆ ਜਾਣਾ ਉਚਿੱਤ ਨਹੀਂ ਜਾਪਦਾ, ਕਿਉਂਕਿ ਅਲਪੱਗ ਬੁੱਧੀ-ਵਾਲੇ ਜੀਵ, ਸਰਬੱਗ ਗੁਰੂ ਸਾਹਿਬ ਜੀ ਦੀ ਬਾਣੀ ਦੇ ਸ਼ੁਧ ਉਚਾਰਨ ਬਾਰੇ ਜੱਜ ਬਣ ਕੇ ਨਹੀਂ ਬੈਠ ਸਕਦੇ। ਹਾਂ, ਕੇਵਲ ਆਪਣੀ ਰਾਏ ਦੇ ਸਕਦੇ ਹਨ; ਫੈਸਲਾ ਨਹੀਂ।



(੮) ਗੁਰਬਾਣੀ ਦਾ ਸ਼ੁਧ ਉਚਾਰਨ, ਗੁਰੂ ਸਾਹਿਬ ਜੀ ਦੀ ਪੂਰਨ ਕਿਰਪਾ ਤੋਂ ਬਿਨਾਂ, ਹੋਣਾ ਅਸੰਭਵ ਹੈ। ਇਹ ਅਨੁਭਵਤਾ ਦਾ ਵਿਸ਼ਾ ਹੈ। ਪੰਥ ਨੂੰ ਰੱਬੀ ਭੈ-ਭਾਵਨੀ ਵਿਚ ਆ ਕੇ ਇਸ ਵਿਸ਼ੇ ਤੇ ਦੀਰਘ ਵਿਚਾਰ ਕਰਨ ਦੀ ਅਤਿਅੰਤ ਲੋੜ ਹੈ। ਸ਼ਬਦਾਂ ਦੇ ਸ਼ੁਧ ਉਚਾਰਨ ਸੰਬੰਧੀ ਫੈਸਲਾ ਨਾ ਤਾਂ ਵੋਟਾਂ ਦੇ ਅਧਾਰ ਤੇ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਕਿਸੇ ਮੌਜੂਦਾ ਵਿਦਵਾਨ ਦੀ ਜ਼ਿਦ ਉਤੇ ਨਿਰਭਰ ਕੀਤਾ ਜਾ ਸਕਦਾ ਹੈ।

(੯) ਧਰਮ ਪਰਚਾਰ ਕਮੇਟੀਆਂ ਅਤੇ ਜਥੇ-ਬੰਦੀਆਂ ਨੂੰ, ਗੁਰਬਾਣੀ ਦੇ ਪੂਰਨ ਸਤਿਕਾਰ ਨੂੰ ਮੁਖ ਰੱਖਦਿਆਂ ਹੋਇਆ ਪਾਵਨ ਬੀੜਾਂ ਦੇ ਲੜੀਦਾਰ ਸਰੂਪ ਨੂੰ ਮੁੜ ਪਰਚਲਤ ਕਰਾਉਣ ਦੀ ਸੇਵਾ ਦਾ ਬੀੜਾ ਚੁੱਕਣਾ ਚਾਹੀਦਾ ਹੈ। ਖਾਲਸੇ ਦੀ ਚੜ੍ਹਦੀ ਕਲਾ ਹਿੱਤ ਇਹ ਬੜਾ ਲੋੜੀਂਦਾ, ਵੱਡਾ ਅਤੇ ਸੁਚੱਜਾ ਦੂਰ-ਅੰਦੇਸ਼ੀ ਭਰਿਆ ਕਦਮ ਹੈ। ਨਹੀਂ ਤਾਂ ਪੰਥ ਨੂੰ ਢਿਲਿਆਈ ਦੀ ਲੱਗੀ ਚਲੀ ਆ ਰਹੀ ਵਾਢ, ਦੂਣ ਸਵਾਈ ਹੁੰਦੀ ਚਲੀ ਜਾਵੇਗੀ।

ਉਪਰਾਲਾ-੬

## ਗੁਰਬਾਣੀ ਦਾ ਸਤਿਕਾਰ ਪਹਿਲੋਂ ਸੀ ਕਿ ਅੱਜ ?

ਅੱਜ ਤੋਂ ਕੋਈ ੯੦ ਕੁ ਸਾਲ ਪਹਿਲੋਂ ਸ਼ਬਦਾਰਥ ਸਾਈਜ਼ ਵਿਚ ਛਪੀ ਪੋਥੀ ਦੇ ਉਪਰਲੇ ਵਰਕੇ ਦੀ ਦੋਹਾਂ ਪਾਸਿਆਂ ਦੀ ਨਕਲ ਹੇਠ ਦਿੱਤੀ ਜਾਂਦੀ ਹੈ।

**ੴ ਸਤਿਗੁਰੂ ਪ੍ਰਸਾਦਿ।।**

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

**ਦੀ**

# ਚੌਥੀ ਪੋਥੀ

**ਗੁਰੂ ਜੀ ਮਹਾਰਾਜ ਦੇ ਪ੍ਰੇਮੀ ਸਿੰਘਾਂ ਦੇ ਲਾਭ ਲਈ**

**ਸਤਿਗੁਰੂ ਦੇ ਉਪਾਸ਼ਕ,**

**ਮੁਨਸ਼ੀ ਹੀਰਾ ਨੰਦ**

**ਮਾਲਿਕ ਵਿਦਿਆ ਪ੍ਰਕਾਸ਼ਕ ਪ੍ਰੈਸ ਲਾਹੌਰ**

**ਨੇ ਪ੍ਰੇਮ ਭਾਵਨਾ ਨਾਲ ਛਾਪੀ**

---

ਯੰਤਾਲਯ ਵਿੱਦਜ ਪ੍ਰਕਾਸ਼ਨ
....ਲਾਹੌਰ, ਦਰਵਾਜ਼ਾ ਸ਼ੇਰਾ ਵਾਲਾ, ਮੁਹੱਲਾ ਨਵਾਂ



**ਦਫ਼ਤਰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ**
ਚੇਤ੍ਰ ਵਦੀ ੫ ਸੰਮਤ ੧੯੪੫
ਨਾਨਕ ਸ਼ਾਹੀ ੪੨੦
ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ

ਇਸ ਇਸ਼ਤਿਹਾਰ ਦੁਆਰਾ ਹਰ ਖਾਸ ਵਾ ਆਮ ਅੱਗੇ ਪ੍ਰਗਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਪੋਥੀਆਂ ਨੂੰ ਇਕਤ੍ਰ ਕਰਕੇ ਇਕ ਜਿਲਦ ਕੋਈ ਨਾ ਕਰਾਵੇ, ਜੋ ਕੋਈ ਇਸ ਇਸ਼ਤਿਹਾਰ ਦੇ ਵਿਰੁੱਧ ਕਰੇਗਾ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਿਅਦਬੀ ਕਰਨ ਵਾਲਾ ਸਮਝਿਆ ਜਾਵੇਗਾ ਅਤੇ ਲੋਕ ਪਰਲੋਕ ਵਿਚ ਸਤਿਗੁਰੂ ਦਾ ਦੇਣਦਾਰ ਹੋਵੇਗਾ ਅਰ ਉਸ ਨੂੰ ਕਾਨੂੰਨ ਫੌਜਦਾਰੀ ਦੀਆਂ ਕਈ ਏਕ ਦਫ਼ਾਂ ਬਮੂਜਬ ਸਰਕਾਰ ਦੇ ਸਾਮ੍ਹਣੇ ਪੰਥ ਨੂੰ ਜਵਾਬ ਦੇਣਾ ਪਵੇਗਾ।

ਦਸਤਖਤ :

ਸਰਦਾਰ ਮਾਨ ਸਿੰਘ ਸਾਹਿਬ ਸੀ.ਆਈ.ਈ. ਸਰਦਾਰ ਬਹਾਦਰ
ਮੇਜਰ ਰਸਾਲਦਾਰ
ਆਨਰੇਰੀ ਮਜਿਸਟਰੇਟ
ਸਰਬਰਾਹ ਗੁਰਦੁਆਰਿਆਨ ਸ੍ਰੀ ਅੰਮ੍ਰਿਤਸਰ
ਪ੍ਰੈਜੀਡੈਂਟ ਸਿੰਘ ਸਭਾ ਸ੍ਰੀ ਅੰਮ੍ਰਿਤਸਰ

ਇਸ ਸਰ-ਵਰਕ ਤੋਂ ਸਪੱਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰੇਰਨਾ ਸਿੰਘਾਂ ਦੇ ਲਾਭ ਲਈ ਪੋਥੀਆਂ ਦੇ ਰੂਪ ਵਿਚ ਬਾਣੀ ਨੂੰ ਛਾਪਿਆ ਗਿਆ ਹੈ ਅਤੇ ਇਹ ਉਨ੍ਹਾਂ ਪੋਥੀਆਂ ਵਿਚੋਂ ਚੌਥੀ ਪੋਥੀ ਦਾ ਉਪਰਲਾ ਟਾਈਟਲ ਹੈ।

(੨) ਪੋਥੀ ਦੇ ਇਸ ਟਾਈਟਲ ਦੇ ਅੰਦਰਲੇ ਪਾਸੇ ਆਮ ਸੰਗਤਾਂ ਲਈ ਇਸ਼ਤਿਹਾਰ ਦਿੱਤਾ ਹੋਇਆ ਹੈ, ਉਸ ਦੀ ਅਬਾਰਤ ਖ਼ਾਸ ਧਿਆਨ ਗੋਚਰੀ ਹੈ ਕਿ, "ਇਨ੍ਹਾਂ ਪੋਥੀਆਂ ਨੂੰ ਇਕੱਤ੍ਰ ਕਰਕੇ ਇਕ ਜਿਲਦ ਕੋਈ ਨਾ ਕਰਾਵੇ ਜੇ ਕੋਈ ਐਸਾ ਕਰੇਗਾ ਉਹ ਲੋਕ ਪਰਲੋਕ ਵਿਚ ਸਤਿਗੁਰੂ ਦਾ ਦੇਣਹਾਰ ਹੋਵੇਗਾ ਅਤੇ ਉਸਨੂੰ ਕਾਨੂੰਨ ਫ਼ੌਜਦਾਰੀ ਦੀਆ ਕਈ ਏਕ ਦਫਾ ਬਮੂਜਬ ਸਰਕਾਰ ਸਾਮ੍ਹਣੇ ਪੰਥ ਨੂੰ ਜਵਾਬ ਦੇਣਾ ਪਵੇਗਾ।

(੩) ਇਨ੍ਹਾਂ ਪੋਥੀਆਂ ਦੀ ਚੌੜਾਈ ਅਨਦਾਜ਼ਨ ਸਾਢੇ ਛੇ ਇੰਚ ਹੈ ਅਤੇ ਲੰਬਾਈ ਦਸ ਇੰਚ ਹੈ। ਬੀਤੇ ਸਾਲ ਚਾਰ ਚਾਰ ਪੋਥੀਆਂ ਦੇ ਕੁਝ ਸੈਟ

ਅਕਾਲ ਤਖ਼ਤ ਸਾਹਿਬ ਤੇ ਦੇਖੇ ਗਏ ਹਨ। ਇਹ ਪੋਥੀਆਂ ਜੁੜਤ ਅੱਖਰਾਂ ਵਿਚ ਛਾਪੀਆਂ ਹੋਈਆਂ ਹਨ। ਪ੍ਰੇਮੀ ਸਿੰਘਾਂ ਦੇ ਪਾਠ ਸਿਖਣ ਸਿਖਾਣ ਲਈ ਹੀ ਇਹ ਪੋਥੀਆ ਛਾਪੀਆਂ ਗਈਆਂ ਦਿਸ ਰਹੀਆ ਸਨ।

(੪) ਅੱਜ ਤੋਂ ੯੦ ਸਾਲ ਪਹਿਲੋਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਦਾ ਇਤਨਾ ਜ਼ਿਆਦਾ ਖ਼ਿਆਲ ਰਖਿਆ ਜਾਂਦਾ ਸੀ ਕਿ ਬੀੜ ਤੋਂ ਵੱਖ ਛੋਟੇ ਅਕਾਰ ਵਿਚ ਜੋ ਪੋਥੀਆ ਛਪਣ,ਉਹ ਕਿਸੀ ਹਾਲਤ ਵਿਚ ਵੀ ਇਕ ਜਿਲਦ ਵਿਚ ਨਹੀਂ ਕੀਤੀਆਂ ਜਾ ਸਕਦੀਆ, ਕਿਉਂਕਿ ਇਸ ਤਰ੍ਹਾਂ ਮਹਾਰਾਜ ਦਾ ਪੂਰਾ ਸਤਿਕਾਰ ਨਹੀਂ ਰਖਿਆ ਜਾ ਸਕਦਾ, ਬੇਅਦਬੀ ਹੋਣ ਦਾ ਤੌਖਲਾ ਹੈ। ਅਤੇ ਜੇ ਕੋਈ ਉਸ ਸਮੇਂ ਉਨ੍ਹਾ ਚੌਹਾਂ ਪੋਥੀਆਂ ਨੂੰ ਇਕ ਜਿਲਦ ਵਿਚ ਇਕੱਠਿਆਂ ਕਰਨ ਦਾ ਜਤਨ ਕਰਦਾ ਵੀ ਤਾਂ ਉਸ ਲਈ ਫ਼ੌਜਦਾਰੀ ਕਾਨੂੰਨ ਹੇਠ ਕਾਰਵਾਈ ਕੀਤੀ ਜਾ ਸਕਦੀ ਸੀ।

(੫) ਪਰ ਅੱਜ ਗੁਰਬਾਣੀ ਦੇ ਸਤਿਕਾਰ ਦਾ ਇਹ ਹਾਲ ਹੈ ਕਿ ਪੋਥੀ ਸਾਈਜ਼ ਤੋਂ ਵੀ ਬਹੁਤ ਛੋਟੇ ਸਾਈਜ਼ ਵਿਚ ਕਿਤਾਬਾਂ ਅਤੇ ਗੁਟਕੇ ਸਾਈਜ਼ ਵਿਚ ਪਾਵਨ ਬੀੜਾਂ ਛਾਪਣ ਦਾ ਵਪਾਰ, ਵਾਪਾਰੀ ਦੁਕਾਨਦਾਰਾਂ ਵੱਲੋਂ ਚੱਲ ਰਿਹਾ ਹੈ। ਨਾ ਪਲੰਘ, ਨਾ ਰੁਮਾਲੇ, ਨਾ ਚੌਰ,ਨਾ ਚੰਦੋਆ ਅਤੇ ਨਾ ਹੀ ਅਸਥਾਨ ਦੀ ਪਵਿੱਤ੍ਰਤਾ,ਕੁਝ ਵੀ ਨਹੀਂ। ਬਸ, ਆਮ ਕਿਤਾਬਾਂ ਵਾਂਗ ਲਈ ਫਿਰਦੇ ਹਨ। ੯੦ ਸਾਲ ਪਹਿਲਾਂ ਤਾਂ ਬੇ-ਅਦਬੀ ਕਰਨ ਵਾਲਿਆਂ ਲਈ ਕਾਨੂੰਨ ਦਾ ਕੋਈ ਡੰਡਾ ਸੀ, ਪਰ ਅੰਜ ਕੋਈ ਕਾਨੂੰਨ ਵੀ ਗੁਰਬਾਣੀ ਦਾ ਸਤਿਕਾਰ ਕਾਇਮ ਕਰਨ ਲਈ ਸਹਾਇਤਾ ਨਹੀਂ ਕਰਦਾ।

(੬) ਉਦੋਂ ਗੁਰਬਾਣੀ ਦਾ ਅਦਬ ਇਤਨਾ ਸੀ ਕਿ ਪਾਠ ਸਿਖਣ ਲਈ ਗੁਰਬਾਣੀ ਦੀਆ ਪੋਥੀਆਂ ਵੀ ਜੁੜਤ ਅੱਖਰਾਂ ਵਿਚ ਛਪਦੀਆ ਸਨ ਅਤੇ ਪਦ-ਛੇਦ ਛਾਪਣ ਦੀ ਕੋਈ ਜੁਰਅਤ ਨਹੀਂ ਸੀ ਕਰਦਾ,ਪਰ ਹੁਣ ਪੋਥੀਆਂ ਤਾਂ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਵੀ ਪਦ-ਛੇਦ ਸਰੂਪ ਵਿਚ ਛਾਪੀਆਂ ਜਾ ਰਹੀਆਂ ਹਨ। ਬਜ਼ਾਰੀ ਦੁਕਾਨਦਾਰਾਂ ਨੇ ਪੈਸਾ ਕਮਾਣ ਖ਼ਾਤਰ ਇਸ ਮਨਮਤਿ ਨੂੰ ਪਰਚਲਤ ਕੀਤਾ ਸੀ, ਹੁਣ ਸਾਡੀਆਂ ਪਰਮੁਖ ਸੰਸਥਾਵਾਂ ਸ਼੍ਰੋਮਣੀ ਕਮੇਟੀ ਵਰਗੀਆਂ ਵੀ ਮਨਮਤਿ ਨੂੰ ਫੈਲਾਉਣ ਵਿਚ ਭਾਗੀ ਬਣ ਰਹੀਆਂ ਹਨ ਅਤੇ ਜੁੜਤ ਬੀੜਾਂ ਦੀ ਥਾਂ ਪਦ-ਛੇਦ ਬੀੜਾਂ ਛਾਪ ਕੇ ਲੋਕਾਂ ਦੀ ਮੰਗ ਪੂਰੀ ਕਰ ਰਹੀਆਂ ਹਨ। ਹਾਲਾਂ ਕਿ ਇਨ੍ਹਾਂ ਸੰਸਥਾਵਾਂ ਨੇ ਕੁਝ ਸਾਲ ਪਹਿਲੋਂ ਆਪ ਹੀ ਪਦ-ਛੇਦ ਬੀੜਾਂ



ਛਾਪਣ ਦੇ ਵਿਰੁਧ ਮਤੇ ਪਾਸ ਕੀਤੇ ਸਨ। ਨਮੂਨੇ ਵਜੋਂ:-

(੧) ਕਾਰਜ ਸਾਧਕ ਕਮੇਟੀ (ਚੀਫ ਖਾਲਸਾ ਦੀਵਾਨ) ਦਾ ਮਤਾ ਨੰਬਰ ੨੬੮੨ ਮਿਤੀ ੨੧ ਜਨਵਰੀ ੧੯੪੫-

''ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦ-ਛੇਦ ਬੀੜ ਤੋਂ ਅਖੰਡ ਪਾਠ ਹੋਣ ਸਬੰਧੀ ਮੁਆਮਲਾ ਸਲਾਹਕਾਰਾਂ ਦੀਆਂ ਰਾਵਾਂ ਸਮੇਤ ਪੇਸ਼ ਹੋਇਆ, ਆਗਿਆ ਹੋਈ ਕਿ ਨਾ ਹੀ ਐਸੀ ਬੀੜ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣਾ ਜਾਇਜ਼ ਹੈ ਤੇ ਨਾ ਹੀ ਇਸ ਤੋਂ ਅਖੰਡ ਪਾਠ ਕਰਨਾ ਜਾਇਜ਼ ਹੈ ਤੇ ਪਦ-ਛੇਦ ਕਰਕੇ ਸਾਰੀ ਬੀੜ ਇਕ ਜਿਲਦ ਵਿਚ ਛਾਪਣੀ ਨਾ-ਮੁਨਾਸਬ ਹੈ, ਤੇ ਪੰਥ ਲਈ ਹਾਨੀਕਾਰਕ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਫੈਸਲੇ ਦੀ ਨਕਲ ਭੇਜੀ ਜਾਵੇ ਤੇ ਅਖਬਾਰਾਂ ਵਿਚ ਵੀ ਪ੍ਰਕਾਸ਼ਤ ਕੀਤੀ ਜਾਵੇ।

(੨) ਗੁਰਮਤਾ ਨੰਬਰ ੭, ਤ੍ਰੀਕ ੧-੧-੧੯੫੦ ਧਾਰਮਿਕ ਕਮੇਟੀ, ਸ਼੍ਰੋਮਣੀ ਗੁ: ਪ੍ਰੰ: ਕਮੇਟੀ-

''ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦ-ਛੇਦ ਬੀੜ ਛਾਪਣ ਜਾਂ ਪ੍ਰਕਾਸ਼ ਕਰਨ ਸੰਬੰਧੀ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦਾ ਗੁਰਮਤਾ ਨੰਬਰ ੧੬੩੭ ਮਿਤੀ ੨੮-੪-੫੦,ਜਿਸ ਵਿਚ ਧਾਰਮਕ ਸਲਾਹਕਾਰ ਕਮੇਟੀ ਦੀ ਰਾਏ ਪੁੱਛੀ ਗਈ ਸੀ,ਪੇਸ਼ ਹੋ ਕੇ ਪਰਵਾਨ ਹੋਇਆ ਕਿ ਜਿਤਨਾ ਚਿਰ ਪੰਥਕ ਤੌਰ ਤੇ ਇਸ ਬਾਰੇ ਫੈਸਲਾ ਨਾ ਹੋ ਜਾਵੇ, ਕਿਸੇ ਇਕ ਪੁਰਸ਼ ਨੂੰ ਜਾਂ ਸਭਾ ਸੁਸਾਇਟੀ ਨੂੰ ਪਦ-ਛੇਦ ਬੀੜ ਨਹੀਂ ਛਾਪਣੀ ਚਾਹੀਦੀ ਤੇ ਨਾ ਹੀ ਪਦ-ਛੇਦ ਬੀੜ ਦਾ ਪ੍ਰਕਾਸ਼ ਹੋਣਾ ਚਾਹੀਦਾ ਹੈ।''

(੭) ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਅੱਜ ਤੋਂ ੩੨ ਕੁ ਸਾਲ ਪਹਿਲਾਂ ਤਾਂ ਪਦ-ਛੇਦ ਬੀੜਾਂ ਦਾ ਪ੍ਰਕਾਸ਼ ਕਰਨਾ, ਇਨ੍ਹਾਂ ਦੋਹਾਂ ਮੁਖੀ ਸੰਸਥਾਵਾਂ ਦੀ ਰਾਏ ਅਨੁਸਾਰ, ਪੰਥ ਲਈ ਹਾਨੀਕਾਰਕ ਨਾਜਾਇਜ਼ ਅਤੇ ਨਾ-ਮੁਨਾਸਬ ਸੀ, ਪਰ ਅੱਜ ਪਦ-ਛੇਦ ਬੀੜਾਂ ਦਾ ਪ੍ਰਕਾਸ਼ ਗੁਣਕਾਰੀ, ਜਾਇਜ਼ ਤੇ ਮੁਨਾਸਬ ਕਿਵੇਂ ਹੋ ਗਿਆ ? ਇਹ ਮਨਮਤਿ ਕਿਵੇਂ 'ਗੁਰਮਤਿ' ਬਣ ਗਈ ?

(੮) ਸ਼੍ਰੋਮਣੀ ਕਮੇਟੀ ਨੇ ਆਪਣੇ ਮਤੇ ਵਿਚ ਪਾਸ ਕੀਤਾ ਸੀ ਕਿ, 'ਜਿਤਨਾ ਚਿਰ ਪੰਥਕ ਤੌਰ ਤੇ ਇਸ ਬਾਰੇ ਕੋਈ ਫ਼ੈਸਲਾ ਨਾ ਹੋ ਜਾਵੇ, ਕਿਸੇ ਇਕ ਪੁਰਸ਼ ਨੂੰ ਜਾਂ ਸਭਾ ਸੁਸਾਇਟੀ ਨੂੰ ਪਦ-ਛੇਦ ਬੀੜੀ ਨਹੀਂ ਛਾਪਣੀ

ਚਾਹੀਦੀ ਤੇ ਨਾ ਹੀ ਪਦ ਛੇਦ ਬੀੜ ਦਾ ਪ੍ਰਕਾਸ਼ ਹੋਣਾ ਚਾਹੀਦਾ ਹੈ। ਕੀ ਸ਼੍ਰੋਮਣੀ ਕਮੇਟੀ ਦੱਸ ਸਕਦੀ ਹੈ। ਕਿ ਕਮੇਟੀ ਨੇ ਪਦ-ਛੇਦ ਬੀੜ ਛਾਪਣ ਲੱਗਿਆਂ ਕਿਹੜਾ ਪੰਥਕ ਇਕੱਠ ਕੀਤਾ, ਇਹ ਇਕੱਠ ਕਦੋਂ ਤੇ ਕਿੱਥੇ ਸੱਦਿਆ ਗਿਆ ਅਤੇ ਕਿਹੜੀਆਂ ਸੰਸਥਾਵਾਂ ਉਸ ਵਿਚ ਸ਼ਾਮਲ ਹੋਈਆਂ? ਕਮੇਟੀ ਨੇ ਆਪੇ ਹੀ ਆਪਣੇ ਮਤੇ ਦੀ ਉਲੰਘਣਾ ਕਰ ਕੇ ਪਦ-ਛੇਦ ਬੀੜਾ ਛਾਪਣ ਦਾ ਘੋਰ ਅਪਰਾਧ ਕੀਤਾ ਹੈ। ਜੇ ਇਹ ਮੁਖੀ ਸੰਸਥਾਵਾਂ ਹੀ ਮਨਮਤਿ ਦੇ ਵਹਿਣ ਵਿਚ ਵਹਿ ਤੁਰਨ ਤਾਂ ਫਿਰ ਕਿਸ ਤੋਂ ਆਸ ਰੱਖੀਏ ਕਿ ਉਹ ਕੌਮ ਵਿਚ ਵਾਪਰ ਰਹੀ ਅਧੋਗਤੀ ਤੋਂ ਬਚਾਏਗਾ?

(੯) ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਦਬ ਸਤਿਕਾਰ ਅਸੀਂ ਕਾਇਮ ਨਹੀਂ ਰਖ ਸਕਾਂਗੇ ਤਾਂ ਸਾਡਾ ਕੋਈ ਠਿਕਾਣਾ ਨਹੀਂ। ਜੇ ਧਰਮ ਪਰਚਾਰ ਕਮੇਟੀਆਂ ਧਾਰਮਕ ਮਤਿਆਂ ਉਤੇ ਚਲਣਾ ਹੀ ਨਹੀਂ ਤਾਂ ਅਜਿਹੇ ਮਤੇ ਪਾਸ ਕਿਉਂ ਕੀਤੇ ਜਾਂਦੇ ਹਨ? ਅਜਿਹੇ ਮਤੇ ਕਿਸ ਦੀ ਤਸੱਲੀ ਕਰਾਉਣ ਲਈ ਪਾਸ ਕੀਤੇ ਜਾਂਦੇ ਹਨ? ਇਨ੍ਹਾਂ ਨੂੰ ਗੁਰਮਤੇ ਕਿਉਂ ਕਿਹਾ ਜਾਂਦਾ ਹੈ? ਗੁਰਮਤਾ ਤਾਂ ਸਤਿਕਾਰਨ ਯੋਗ ਅਤੇ ਪਰਚਾਰਨ ਯੋਗ ਹੈ। ਇਸ ਮਤੇ ਵਿਚ ਗੁਰੂ ਜ਼ਾਮਨ ਸਮਝਿਆ ਜਾਂਦਾ ਹੈ, ਤਾਹੀਓਂ ਹੀ ਇਸ ਦਾ ਨਾਮ ਗੁਰਮਤਾ ਹੈ। ਤਾਂ ਫਿਰ ਗੁਰਮਤਿਆਂ ਦੀ ਉਲੰਘਣਾ ਕਿਉਂ? ਗੁਰਮਤੇ ਦੀ ਉਲੰਘਣਾ ਕਰਨਾ ਗੁਰਮਤੇ ਦੀ ਮਖੌਲ ਉਡਾਉਣਾ ਹੈ। ਇਹ ਪਾਪ ਹੈ।''

(੧੦) ਧਰਮ ਪਰਚਾਰ ਕਮੇਟੀ (ਸ਼੍ਰੋ: ਗੁ: ਪ੍ਰ: ਕਮੇਟੀ) ਆਪਣੀ ਧਾਰਮਕ ਰਾਏ ਦੇਣ ਤੋਂ ਪਹਿਲਾਂ ਪੰਜ ਬਰਸ ਇਸ ਮਸਲੇ ਤੇ ਸੋਚ ਵਿਚਾਰ ਕਰਦੀ ਰਹੀ, ਅਤੇ ਇਸ ਸਿੱਟੇ ਤੇ ਪਹੁੰਚੀ ਕਿ ਪੰਥ ਤੋਂ ਪੁੱਛੇ ਬਿਨਾਂ ਪਦ-ਛੇਦ ਸਰੂਪ ਦਾ ਪ੍ਰਕਾਸ਼ ਨਹੀਂ ਕਰਨਾ ਚਾਹੀਦਾ। ਇਸ ਡੂੰਘੀ ਸੋਚ ਵਿਚਾਰ ਦਾ ਸਿੱਟਾ ਇਹ ਨਿਕਲਿਆ ਕਿ ਪੰਥ ਤੋਂ ਪੁੱਛੇ ਬਿਨਾਂ ਹੀ ਕਮੇਟੀ ਨੇ ਪਦ-ਛੇਦ ਬੀੜਾਂ ਦੀ ਛਪਾਈ ਅਤੇ ਪ੍ਰਕਾਸ਼ ਧੜਾ ਧੜ ਅਰੰਭ ਕਰ ਦਿੱਤੇ।

(੧੧) ਚੀਫ ਖਾਲਸਾ ਦੀਵਾਨ ਦੀ ਮੌਜੂਦਾ ਪਰਚਾਰ ਕਮੇਟੀ ਅਤੇ ਸ਼ੋ: ਗੁ: ਪ੍ਰ: ਕਮੇਟੀ ਦੇ ਮੌਜੂਦਾ ਜ਼ਿਮੇਵਾਰ ਗੁਰਮੁਖ ਜਨ ਕਿਰਪਾ ਕਰ ਕੇ ਇਹ ਦੱਸਣ ਦੀ ਖੇਚਲ ਕਰਨ ਕਿ ਇਨ੍ਹਾਂ ਦੋਹਾਂ ਮੁਖੀ ਸੰਸਥਾਵਾਂ ਨੇ, ਗੁਰਬਾਣੀ ਦੇ ਸਤਿਕਾਰ ਨੂੰ ਬਰਕਰਾਰ ਰੱਖਣ ਹਿਤ ਪਾਸ ਕੀਤੇ ਗਏ ਗੁਰਮਤਿਆਂ ਉੱਤੇ ਆਪ ਪਹਿਰਾ ਕਿਉਂ ਨਹੀਂ ਦਿੱਤਾ? ਕੀ ਗੁਰਮਤਿਆ ਦਾ ਸਤਿਕਾਰ ਇੰਜ ਹੀ ਹੋਇਆ ਕਰੇਗਾ? ਕੀ ਇਸੇ ਦਾ ਨਾਮ ਹੀ ਸਿੱਖੀ ਸਮਝਿਆ ਜਾਇਆ ਕਰੇਗਾ?



ਉਪਰਾਲਾ-੭

## ਆਪੁਅਪਨੀਬੁਧਿਹੈਜੇਤੀ ॥
## ਬਰਨਤਭਿੰਨਭਿੰਨਤੁਹਿਤੇਤੀ ॥

ਗੁਰਬਾਣੀ- ਇਹ ਧੁਰ ਕੀ ਬਾਣੀ ਆਈ ਦਾ ਸ਼ੁੱਧ ਵਰਣਨ, ਉਚਾਰਨ ਭਾਵ, ਆਪਿ ਸਰਬੱਗ ਸਤਿਗੁਰੂ ਜੀ ਤੋਂ ਬਿਨਾਂ ਹੋਰ ਕੋਈ ਨਹੀਂ ਜਾਣਦਾ। ਅਲਪੱਗ ਜੀਵਾਂ ਦੀ ਇਤਨੀ ਪਾਇਆਂ ਹੀ ਨਹੀਂ ਹੈ। ਸੰਸਾਰੀਆਂ ਨੇ ਤਾਂ ਆਪ ਬੁੱਧ ਅਨੁਸਾਰ ਹੀ ਗੁਰਬਾਣੀ ਦੇ ਸ਼ੁੱਧ ਉਚਾਰਨ ਬਾਰੇ ਕਿਆਫੇ ਲਾਉਣੇ ਹਨ। ਜਿਵੇਂ :-

**ਪੰਨਾ-੩੨੯**

(ੳ) ਸਗਲ ਤ ਜੀਨੁ ਗਗਨ ਦਉਰਾਵਉ.....ਸ਼ਬਦਾਰਥ
ਸਗਲਤ ਜੀਨੁ " ".....(ਪ੍ਰੋਫੈਸਰ ਸਾਹਿਬ ਸਿੰਘ ਜੀ)
ਸਗਲ ਤਜੀਨੁ.....(ਟੀਕਾ ਫਰੀਦਕੋਟ, ਅਤੇ ਭਾਈ ਵੀਰ ਸਿੰਘ ਜੀ)

**ਪੰਨਾ-੪੮੦**

(ਅ) ਹਮ ਮਸਕੀਨ ਖੁਦਾਈ ਬੰਦੇ ਤੁਮਰਾ ਜਸੁ ਮਨਿ ਭਾਵੈ॥...
(ਸ਼ਬਦਾਰਥ, ਫਰੀਦਕੋਟ)
ਹਮ ਮਸਕੀਨ ਖੁਦਾਈ ਬੰਦੇ ਤੁਮ ਰਾਜਸੁ ਮਨਿ ਭਾਵੈ॥...
(ਭਾ: ਵੀਰ ਸਿੰਘ ਜੀ, ਪ੍ਰੋ: ਸਾਹਿਬ ਸਿੰਘ ਜੀ)

**ਪੰਨਾ ੫੩੬**

(ੲ) ਜਾਸਨ ਬਾਸਨ ਸਹਜ ਕੇਲ ਕਰੁਣਾਮੈ.....(ਸ਼ਬਦਾਰਥ, ਫਰੀਦਕੋਟ)
ਜਸ ਨ ਬਾਸਨ ਸਹਜ ਕੇਲ ਕਰੁਣਾਮੈ.....
(ਪ੍ਰੋ: ਸਾਹਿਬ ਸਿੰਘ ਜੀ)

**ਪੰਨਾ ੫੩੭**

(ਸ) ਬਿਰਖ ਇਕ ਤਰੀਆ॥ ਬਹੁ ਬੰਧਹਿ ਪਰੀਆ॥....(ਸ਼ਬਦਾਰਥ)
ਇਕਤਰੀਆਂ

**ਪੰਨਾ ੫੩੭**

(ਹ) ਅਨਿ ਕਉ ਮੇਰੀਆ।। ਵਿਚਿ ਘੂਮਨ ਘਿਰੀਆ।।....
(ਪ੍ਰੋ: ਸਾਹਿਬ ਸਿੰਘ ਜੀ, ਸ਼ਬਦਾਰਥ)
ਅਨਿਕ ਉਮੇਰੀਆ।। ਵਿਚਿ ਘੂਮਨ ਘਿਰੀਆ।।....
(ਟੀਕਾ ਫਰੀਦਕੋਟ)

**ਪੰਨਾ ੬੧੮**

(ਕ) ਭਲੋ ਸਮੂਰਤੁ ਪੂਰਾ।।.....(ਸ਼ਬਦਾਰਥ, ਟੀਕਾ ਫਰੀਦਕੋਟ)
ਸ ਮੂਰਤੁ ‘‘ ’’.....(ਪ੍ਰੋ: ਸਾਹਿਬ ਸਿੰਘ ਜੀ )

**ਪੰਨਾ ੬੨੦**

(ਖ) ਜੀਉ ਪਾਇ ਪਿੰਡੁ ਜਿਨਿ ਸਾਜਿਆ....
(ਸ਼ਬਦਾਰਥ, ਪ੍ਰੋ: ਸਾਹਿਬ ਸਿੰਘ ਜੀ)
ਜੀ ਉਪਾਇ ਪਿੰਡੁ ਜਿਨਿ ਸਾਜਿਆ.....(ਟੀਕਾ ਫਰੀਦਕੋਟ)

**ਪੰਨਾ ੭੯੫**

(ਗ) ਏਤੇ ਕੂਕਰ ਹਉ ਬੇਗਾਨਾ...(ਸ਼ਬਦਾਰਥ, ਪ੍ਰੋ: ਸਾਹਿਬ ਸਿੰਘ ਜੀ)
‘‘ਏਤੇ ਕੂਕ ਰਹਉ’’......
(ਗੁਰਬਾਣੀ ਲਗਾਂਮਾਤ੍ਰਾਂ ਦੀ ਵਿਲੱਖਣਤਾ
ਭਾ: ਸਾ: ਭਾ: ਰਣਧੀਰ ਸਿੰਘ ਜੀ)

**ਪੰਨਾ ੭੦੧**

(ਘ) ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ।।
(ਸ਼ਬਦਾਰਥ)
ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾਸੰ ਜੋਰਿ।।
(ਭਾ: ਸਾ: ਭਾ: ਰਣਧੀਰ ਸਿੰਘ ਜੀ)

(ਙ) ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾਂ ਲਾਜੀਅਹਿ....
(ਸ਼ਬਦਾਰਥ....ਤਾਲਾਜੀਅਹਿ....(ਭਾ:ਸ:ਭਾ: ਰਣਧੀਰ ਸਿੰਘ ਜੀ)

**ਪੰਨਾ ੧੪੦੮**

(ਚ) ਪੰਚਾਹਰੁ ਨਿਦਲਿਅਉ....(ਸ਼ਬਦਾਰਥ)
ਪੰਚਾਹ ਰੁਨਿ ਦਲਿਅਉ....(ਭਾ:ਸਾ:ਭਾ: ਰਣਧੀਰ ਸਿੰਘ ਜੀ)



(੨) ‘‘**ਆਪੁ ਆਪਨੀ ਬੁਧਿ ਹੈ ਜੇਤੀ**’’ ਦੀਆਂ ਕੁਝ ਕੁ ਵੰਨਗੀਆਂ ਉਪਰ ਦਰਸਾਈਆਂ ਗਈਆਂ ਹਨ। ਅਜਿਹੀਆਂ ਹੋਰ ਬਹੁਤ ਸਾਰੀਆਂ ਮਿਸਾਲਾਂ ਮਿਲਦੀਆਂ ਹਨ। ਗੁਰਬਾਣੀ ਅਗਾਧ ਬੋਧ ਹੈ, ਕੋਈ ਵੀ ਵਿਦਵਾਨ ਨਹੀਂ ਕਹਿ ਸਕਦਾ ਕਿ ਉਸ ਨੇ ਗੁਰਬਾਣੀ ਦਾ ਸਹੀ ਅਰਥ ਲੱਭ ਲਿਆ ਹੈ। ਗੁਰਬਾਣੀ ਦੀ ਵਿਆਖਿਆ ਪਰੇ ਤੋਂ ਪਰੇ ਹੈ। ਜਿਸ ਤੇ ਗੁਰੂ ਸਾਹਿਬ ਜੀ ਮੇਹਰ ਕਰਨ, ਉਸਨੂੰ ਹੀ ਸਹੀ ਸੋਝੀ ਬਖਸ਼ਦੇ ਹਨ। ਅਨੇਕਾਂ ਹੀ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ ਜਿਨ੍ਹਾਂ ਦੇ ਪਦ-ਛੇਦ ਬਾਰੇ ਪੰਥ ਦੇ ਮਹਾਂ ਪੁਰਸ਼ਾਂ ਅਤੇ ਵਿਦਵਾਨਾਂ ਵਿਚ ਮਤਭੇਦ ਹਨ। ਅਜਿਹੇ ਸੈਂਕੜੇ ਮਤ-ਭੇਦਾਂ ਦੇ ਹੁੰਦਿਆਂ ਕਿਹੜੇ ਪਦ-ਛੇਦ ਕੀਤੇ ਹੋਏ ਨੂੰ ਠੀਕ ਕਹਾਂਗੇ ਅਤੇ ਕਿਹੜੇ ਨੂੰ ਗ਼ਲਤ? ਸਾਰੇ ਤਾਂ ਠੀਕ ਹੋ ਨਹੀਂ ਸਕਦੇ। ਇਸ ਲਈ ਗੁਰਬਾਣੀ ਦਾ ਗ਼ਲਤ ਪਦ-ਛੇਦ ਕਰਨ ਦਾ ਪਾਪ ਕਿਉਂ ਆਪਣੇ ਸਿਰ ਅਸੀਂ ਲਈਏ। ਇਸ ਤੋਂ ਸੰਕੋਚ ਹੀ ਉਚਿੱਤ ਹੈ।

(੩) ਪੰਥ ਦੇ ਆਗੂਆਂ ਦਾ ਸਹੀ ਫ਼ਰਜ ਬਣਦਾ ਹੈ ਕਿ ਉਹ ਪਦ-ਛੇਦ ਬੀੜਾਂ ਦੀ ਛਪਾਈ ਤੁਰੰਤ ਬੰਦ ਕਰਨ। ਲੜੀਦਾਰ ਸਰੂਪਾਂ ਨੂੰ ਮੁੜ ਬਹਾਲ ਕਰਨ ਅਤੇ ਪਾਠੀਆਂ ਦੀ ਅਗਵਾਈ ਲਈ ਪਾਠ-ਗਾਈਡ ਪੁਸਤਕਾਂ ਕਰਵਾਉਣ,ਜਿਨ੍ਹਾਂ ਵਿਚ ਵਿਦਵਾਨਾਂ ਅਤੇ ਮਹਾਂ ਪੁਰਸ਼ਾ ਦੀ ਰਾਏ ਦਾ ਹੀ ਜ਼ਿਕਰ ਕੀਤਾ ਜਾਏ।

## ਉਪਰਾਲਾ-੮

# ਹਨੇਰ ਸਾਈਂ ਦਾ ੧

ਪਹਿਲੋਂ ਭੀ ਇਹ ਕਾਫੀ ਸਮਝਾਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਗੁਰੂ ਆਸ਼ੇ ਅਨੁਸਾਰ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਦਾਰ (ਜੁੜਤ ਸ਼ਬਦਾਂ ਵਾਲਾ) ਸਰੂਪ ਹੀ ਠੀਕ, ਦਰੁਸਤ ਅਤੇ ਅਕਾਲ ਪੁਰਖ ਵੱਲੋਂ ਧੁਰ-ਧੁਰੰਦਰੀ ਗਿਣਿਆ ਮਿਥਿਆ ਸਰੂਪ ਹੈ। ਗੁਰੂ ਸਾਹਿਬ ਜੀ ਦਾ ਪਦ-ਛੇਦ ਸਰੂਪ ਚਾਤੁਰ ਮਨਮਤੀਆਂ ਦੀ ਸੋਚਣੀ ਦਾ ਸਿੱਟਾ ਹੈ। ਗੁਰੂ ਸਾਹਿਬ ਜੀ ਦਾ ਸਿੱਟਾ ਨਹੀਂ ਹੈ। ਇਹ ਮਜ਼ਮੂਨ ਲਤੀਫ਼ (ਬਾਰੀਕ) ਹੈ। ਜੇ ਕਰ ਹੁਣ ਤੱਕ ਕੀਤੇ ਗਏ ਉਪਰਾਲੇ ਦੇ ਬਾਵਜੂਦ ਭੀ ਇਹ ਘੁੰਡੀ ਕੁਝ ਕੁ ਸੱਜਣਾਂ ਦੀ ਸਮਝ ਵਿਚ ਨਾ ਆ ਸੱਕੀ ਹੋਵੇ ਤਾਂ ਉਨ੍ਹਾਂ ਦੀ ਸਹਾਇਤਾ ਵਾਸਤੇ ਇਕ ਹੋਰ ਉਪਰਾਲਾ ਕੀਤਾ ਜਾਂਦਾ ਹੈ।

ਗੁਰਬਾਣੀ ਦੇ ਲੜੀਦਾਰ ਸਰੂਪ ਤੋਂ ਪਾਠ ਕਰਨ ਵਾਲੇ ਪਰੇਮੀ, ਜਿਹੜੇ ਕਈ ਕਠਨ ਸ਼ਬਦਾਂ ਦੇ ਸ਼ੁਧ ਨਿਖੇੜ ਬਾਰੇ ਆਪਸ ਵਿਚ ਸਹਿਮਤੀ ਨਹੀਂ ਰੱਖਦੇ, ਗੁਰਬਾਣੀ ਦੇ ਗ਼ਲਤ ਉਚਾਰਨ ਨੂੰ, ਇਕ ਦੂਜੇ ਦਾ ਹੀ ਕਸੂਰ ਦੱਸਿਆ ਕਰਦੇ ਹਨ। ਕੋਈ ਕਹਿੰਦਾ ਹੈ ਪ੍ਰੋਫੈਸਰ ਸਾਹਿਬ ਸਿੰਘ ਜੀ ਟੀਕੇ ਮੁਤਾਬਿਕ ਸ਼ਬਦ-ਨਿਖੇੜ ਠੀਕ ਹੈ। ਕੋਈ ਕਹਿੰਦਾ ਹੈ, ਭਾਈ ਕਾਹਨ ਸਿੰਘ ਜੀ ਦੇ ਕੋਸ਼ ਮੁਤਾਬਿਕ ਸ਼ਬਦ-ਨਿਖੇੜ ਠੀਕ ਹੈ, ਕੋਈ ਭਾ: ਸਾ: ਭਾਈ ਰਣਧੀਰ ਸਿੰਘ ਜੀ ਵਲੋਂ ਦਿੱਤੀ ਅਗਵਾਈ ਨੂੰ ਠੀਕ ਮੰਨਦਾ ਹੈ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲ ਕੋਈ ਮਨੁੱਖ ਵੀ ਉਂਗਲ ਕਰਨ ਦੀ ਜੁਰੱਅਤ ਨਹੀਂ ਕਰ ਸਕਦਾ ਕਿ ਇਹ ਗ਼ਲਤੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹਨ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ''ਸਮੂਹ ਗੁਰਬਾਣੀ'' ਜੁੜਤ ਸ਼ਬਦਾਂ ਵਿਚ ਦਰਜ ਹੈ। ਲੜੀਦਾਰ ਸਰੂਪ ਤੋਂ ਠੀਕ ਜਾਂ ਗ਼ਲਤ ਉਚਾਰਨ ਕਰਨਾ ਪਾਠੀ ਜਨਾਂ ਦਾ ਆਪਣਾ ਹੀ ਕਰਤੱਵ ਹੈ। ਲੜੀਦਾਰ ਸਰੂਪ ਹੋਣ ਦੇ ਕਾਰਨ ਗੁਰੂ-ਸਾਹਿਬ ਜੀ ਪਦ-ਛੇਦੀਆਂ ਤੋਂ ਮੁਕਤ ਹਨ। (ਗ਼ਲਤੀ-ਰਹਿਤ ਹਨ)। ਗੁਰੂ ਪੂਰਾ ਹੈ ਅਤੇ ਅਭੂਲਾ ਹੈ। ਅਸੀਂ ਅਧੂਰੇ ਹਾਂ ਅਤੇ ਸਦਾ ਹੀ ਭੁਲਣਹਾਰ ਹਾਂ।



ਹੁਣ ਆਪਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਦ-ਛੇਦ ਸਰੂਪ ਵੱਲ ਧਿਆਨ ਲਿਆਈਏ। ਕਈ ਪਦ-ਛੇਦ ਸਰੂਪ ਬਾਜਾਰੀ ਵਪਾਰੀਆਂ ਨੇ ਪਰਿੰਟ ਕਰਾਏ ਹਨ ਅਤੇ ਕਈ ਸ਼੍ਰੋਮਣੀ ਕਮੇਟੀ ਨੇ। ਇਨ੍ਹਾਂ ਵਿਚ ਕਈ ਪਦ-ਛੇਦੀ ਫ਼ਰਕ ਹਨ। ਇਨ੍ਹਾਂ ਸਰੂਪਾਂ ਵਿਚੋਂ ਕੋਈ ਭੀ ਇਕ ਸਰੂਪ ਸਮੂਹ ਟੀਕਾਕਾਰਾਂ ਦੀ ਤਸੱਲੀ ਨਹੀਂ ਕਰ ਸਕਦਾ। ਸ਼ਬਦਾਂ ਦੇ ਨਿਖੇੜ ਬਾਰੇ ਜਿਸ ਜਿਸ ਟੀਕਾਕਾਰ ਵਲੋਂ ਦਿਤੀ ਗਈ ਵਿਆਖਿਆ ਦਾ ਕੋਈ ਕਾਇਲ ਹੈ, ਉਸ ਉਸ ਟੀਕਾਕਾਰ ਦ੍ਰਿੜ੍ਹ ਵਿਸ਼ਵਾਸ਼ ਨਾਲ ਠੀਕ ਸਮਝਦਾ ਹੈ ਅਤੇ ਬਾਕੀ ਦੇ ਟੀਕਾਕਾਰਾਂ ਦੀ ਦਲੀਲ ਨੂੰ ਗ਼ਲਤ ਸਮਝਦਾ ਹੈ। ਇਸ ਲਈ ਇਨ੍ਹਾਂ ਸਮੂਹ ਪਾਠੀਆਂ ਨੂੰ ਪਦ-ਛੇਦ ਸਰੂਪਾਂ ਵਿਚ ਕਈ-ਕਈ ਗ਼ਲਤੀਆਂ ਪਰਿੰਟ ਹੋਈਆਂ ਨਜ਼ਰ ਆਉਂਦੀਆਂ ਹਨ, ਜਿਨ੍ਹਾਂ ਵੱਲ ਉਂਗਲਾਂ ਕਰ ਕੇ ਇਹ ਲੋਕ ਆਪਣੀ ਰਾਏ ਨੂੰ ਦਰੁਸਤ ਮਿਥਦੇ ਹਨ। ਇਸ ਤਰ੍ਹਾਂ ਗੁਰਬਾਣੀ ਦੇ ਗ਼ਲਤ ਉਚਾਰਨ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਰ ਹੀ ਥੱਪੀ ਜਾਂਦੀ ਹੈ। ਵੰਨਗੀ ਮਾਤਰ ਕੁਝ ਕੁ ਗ਼ਲਤੀਆਂ ਇਸ ਪਰਕਾਰ ਹਨ :-

੧. ਇਕ ਟੀਕਾਕਾਰ ਕਹਿੰਦਾ ਹੈ, ''ਏਤੇ ਕੂਕਰ ਹਉ ਬੇਗਾਨਾ'' ਪਾਠ ਠੀਕ ਹੈ।
ਦੂਜਾ ਕਹਿੰਦਾ ਹੈ, ''ਏਤੇ ਕੂਕ ਰਹਉ ਬੇਗਾਨਾ'', ਪਾਠ ਦਰੁਸਤ ਹੈ।''

੨. ਇਕ ਕਹਿੰਦਾ ਹੈ ਕਿ, ''ਦਰ ਸਰੀਤਾ'' ਸ਼ਬਦ-ਨਿਖੇੜ ਠੀਕ ਹੈ।
ਦੂਜਾ ਕਹਿੰਦਾ ਹੈ ਕਿ, ''ਦਰਸ ਰੀਤਾ''ਨਿਖੇੜ ਠੀਕ ਹੈ।

੩. ਕੋਈ ''ਪੰਚਾਹ ਰੁਨਿ ਦਲਿਅਉ'' ਪਾਠ ਠੀਕ ਸਮਝਦਾ ਹੈ।
ਕੋਈ ''ਪੰਚਾਹਰੁ ਨਿਦਲਿਅਉ'' ਨੂੰ ਠੀਕ ਸਮਝਦਾ ਹੈ।

੪. ਕੋਈ ''ਸ਼ਬਦ ਸੁਰਤਿ ਕੀ ਨੀਵ ਰਖਾਈ'' ਹੀ ਦਰੁਸਤ ਮੰਨੀ ਬੈਠਾ ਹੈ ਅਤੇ ਦੂਜੇ ''ਸ਼ਬਦ ਸੁਰਤਿ ਕੀਨੀ ਵਰਖਾਈ'' ਨੂੰ ਸਪਸ਼ਟ ਕਰਦਾ ਹੈ।

੫. ਕੋਈ ਸਤਿਗੁਰ ਪ੍ਰਸਾਦਿ'' ਨਿਖੇੜ ਨੂੰ ਠੀਕ ਕਹਿੰਦਾ ਹੈ।
ਕੋਈ ''ਸਤਿ ਗੁਰਪ੍ਰਸਾਦਿ'' ਨਿਖੇੜ ਠੀਕ ਕਹਿੰਦਾ ਹੈ।
ਇਤਿ ਆਦਿ ਵੱਖ ਵੱਖ ਰਾਇਆਂ ਹਨ।

ਇਸ ਪ੍ਰਕਾਰ ਹੋਰ ਅਨੇਕਾਂ ਸ਼ਬਦ ਹਨ, ਜਿਨ੍ਹਾਂ ਦੇ ਸ਼ੁਧ ਨਿਖੇੜ ਬਾਰੇ ਗੁਣਵਾਨ ਵਿਅਕਤੀਆਂ ਵਿਚ ਇਕ ਰਾਏ ਨਹੀਂ ਹੈ। ਇਕ ਪਦ-ਛੇਦ ਸਰੂਪ ਕਿਹੜੇ ਕਿਹੜੇ ਟੀਕਾਕਾਰ ਦੀ ਤਸੱਲੀ ਕਰਾਏਗਾ? ਸਭਨਾਂ ਦੀ ਤਸੱਲੀ ਕਰਾਉਣੀ ਤਾਂ ਇਕ ਪਦ-ਛੇਦ ਸਰੂਪ ਲਈ ਅਸੰਭਵ ਹੈ। ਜਿਸ ਟੀਕਾਕਾਰ ਦੀ ਤਸੱਲੀ ਨਾ ਹੋਈ, ਓਹੋ ਹੀ ਪਦ-ਛੇਦ ਗ਼ਲਤੀਆਂ ਉਤੇ ਨੱਕ ਚੜ੍ਹਾਏਗਾ। ਤਾਂ ਫਿਰ ਪਦ-ਛੇਦ ਸਰੂਪ ਦਾ ਸਤਿਕਾਰ ਕਿੱਥੇ ਰਹਿਆ?

ਹਨੇਰ ਸਾਈਂ ਦਾ। ਗੁਰੂ ਗ਼ਲਤ ਅਤੇ ਅਸੀਂ ਠੀਕ। ਅਫਸੋਸ ਸਦ ਅਫਸੋਸ। ਗੁਰਬਾਣੀ ਨੂੰ ਪਦ-ਛੇਦ ਕਰਨ ਨਾਲ, ਇਕ ਕਿਸਮ ਦਾ, ਗੁਰੂ ਸਾਹਿਬ ਜੀ ਦੇ ਮੂੰਹ ਵਿਚ, ਗੁਰਬਾਣੀ ਦੇ ਗਲਤ ਉਚਾਰਨ ਨੂੰ ਪਾ ਦਿੱਤਾ ਗਿਆ ਹੈ। ਇਹ ਸਭ ਨੂੰ ਯਾਦ ਰਹੇ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਲੜੀਦਾਰ ਸਰੂਪ ਨੂੰ ਮੱਥਾ ਟੇਕ ਕੇ ਗੁਰ-ਗੱਦੀ ਬਖ਼ਸ਼ੀ ਸੀ। ਇਸ ਲਈ ਲੜੀਦਾਰ ਸਰੂਪ ਹੀ ਗੁਰ-ਗੱਦੀ ਦੇ ਮਾਲਕ ਹਨ ਅਤੇ ਸਮੂਹ ਪੰਥ ਵਲੋਂ ਪੂਰਨ ਸਤਿਕਾਰ ਦੇ ਯੋਗ ਹੱਕਦਾਰ ਹਨ। ਲੜੀਦਾਰ ਸਰੂਪ ਹੀ ਇਕ ਅਜਿਹਾ ਸਰੂਪ ਹੈ ਜੋ ਗੁਰਬਾਣੀ ਦੀ ਸੰਪੂਰਨਤਾ ਅਤੇ ਸਹੀ ਹੋਂਦ ਦਾ ਸਾਖੀ ਹੈ ਅਤੇ ਪਦ-ਛੇਦੀ ਗ਼ਲਤੀਆਂ ਤੋਂ ਮੁਕਤ ਹੈ। "**ਹਮਭੂਲਹਤੁਮਸਦਾਅਭੂਲਾ** .... "(**੧੨੧੩**) ਵਾਲਾ ਗੁਰ-ਫ਼ੁਰਮਾਨ ਕੇਵਲ ਲੜੀਦਾਰ ਸਰੂਪ ਤੇ ਹੀ ਢੁਕਦਾ ਹੈ, ਪਦ-ਛੇਦ ਸਰੂਪ ਤੇ ਨਹੀਂ। ਵੈਸੇ ਗੁਰਬਾਣੀ ਦਾ ਸਤਿਕਾਰ ਤਾਂ ਹਰ ਹਾਲਤ ਵਿਚ ਅਸਾਂ ਵਧ ਤੋਂ ਵਧ ਕਰਨਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸ਼ਬਦ-ਨਿਖੇੜ ਗ਼ਲਤੀਆਂ ਗੁਰਬਾਣੀ ਨੂੰ ਪਦ-ਛੇਦ ਕਰਨ ਨਾਲ ਹੀ , ਉਤਪੰਨ ਹੋਈਆਂ ਹਨ, ਇਨ੍ਹਾਂ ਗ਼ਲਤੀਆ ਦੇ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਹਿਸ ਮੁਬਹਿਸੇ ਦਾ ਵਿਸ਼ਾ ਬਣਾ ਦਿਤਾ ਗਿਆ ਹੈ, ਜਿਸ ਦਾ ਦੋਸ਼ ਅਥਵਾ ਪੂਰੀ ਜ਼ਿਮੇਵਾਰੀ ਗੁਰਬਾਣੀ ਨੂੰ ਪਦ-ਛੇਦ ਕਰਨ ਵਾਲਿਆਂ ਸੱਜਣਾਂ ਦੀ ਹੈ, ਜੋ ਕਿ ਨਾ-ਕਾਬਲੇ ਮੁਆਫ਼ੀ ਹੈ, ਪਦ-ਛੇਦ ਸਰੂਪ ਦਾ ਪਰਚਾਰ ਕਰਨਾ, ਅਥਵਾ ਇਸ ਦੀ ਹਾਮੀ ਭਰਨਾ ਭੀ ਸਾਨੂੰ ਇਸ ਦੋਸ਼ ਤੋਂ ਬਰੀ ਨਹੀਂ ਹੋਣ ਦਿੰਦਾ।

ਇਸ ਲਈ ਸਮੂਹ ਗੁਰ-ਅਸਥਾਨਾਂ, ਧਰਮਸ਼ਾਲਾਂ ਅਤੇ ਘਰਾਂ ਅੰਦਰ, ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਦਾ ਪ੍ਰਕਾਸ਼ ਹੋਣਾ ਉਚਿਤ,ਵਾਜਬ ਅਤੇ ਸਹੀ ਹੈ। ਕੇਵਲ ਇਸ ਤਰ੍ਹਾਂ ਕਰਨ ਨਾਲ ਹੀ



ਗੁਰਬਾਣੀ-ਗ਼ਲਤ-ਉਚਾਰਨ ਦਾ ਦੋਸ਼, ਗੁਰੂ ਸਾਹਿਬ ਜੀ ਦੇ ਸਿਰ ਤੋਂ ਹਟਾ ਕੇ ਮੁੜ ਪਾਠੀ ਸੱਜਣਾਂ ਦੇ ਸਿਰ ਥੱਪਿਆ ਜਾ ਸਕਦਾ ਹੈ। ਫਿਰ ਦੋਸ਼ ਹੈ ਭੀ ਪਾਠੀ ਜਨਾਂ ਦਾ ਹੀ, ਗੁਰੂ ਸਾਹਿਬ ਜੀ ਦਾ ਨਹੀਂ ਹੈ। ਗੁਰੂ ਸਾਹਿਬ ਜੀ ਦੇ ਸਿਰ ਤਾਂ ਇਹ ਬਦੋ ਬਦੀ ਮੜ੍ਹਿਆ ਗਿਆ ਹੈ। ਅਤੇ ਮੜ੍ਹਿਆ ਪਦ-ਛੇਦੀ ਪ੍ਰੇਮੀਆਂ ਨੇ ਹੈ।

ਪੰਥ ਦੇ ਸਮੂਹ ਜ਼ਿੰਮੇਵਾਰ ਵਿਅਕਤੀਆ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪਣਾ ਅੱਗਾ ਸੰਵਾਰਨ ਲਈ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਨੂੰ ਮੁੜ ਬਹਾਲ ਕਰਨ ਦਾ ਪੂਰਾ ਉਪਰਾਲਾ ਕਰਨ ਅਤੇ ਇਨ੍ਹਾਂ ਸਰੂਪਾਂ ਨੂੰ ਅਜਾਈਂ ਹੀ ਨਾ ਅਗਨੀ ਭੇਟ ਕਰਦੇ ਤੁਰੇ ਜਾਣ।

ਗ਼ਲਤ ਜ਼ਿੱਦ ਉਤੇ ਅੜੀ ਜਾਣਾ ਸ਼ੋਭਦਾ ਨਹੀਂ। ਸਹੀ ਸ਼ਬਦ-ਨਿਖੇੜ ਸਤਿਗੁਰੂ ਆਪ ਹੀ ਜਾਣਦੇ ਹਨ ਜਾਂ ਉਹ ਜਾਣਨਗੇ ਜਿਨ੍ਹਾਂ ਉਤੇ ਗੁਰੂ ਸਾਹਿਬ ਜੀ ਪੂਰਨ ਬਖਸ਼ਸ਼ ਕਰਨਗੇ। ਅਸੀਂ ਅਲਪੱਗ ਆਪਣੀ ਬੁੱਧੀ ਅਨੁਸਾਰ ਅਨੁਮਾਨ ਲਗਾ ਸਕਦੇ ਹਾਂ।

ਸ਼ੁਧ ਪਾਠ ਕਰਨ ਕਰਾਉਣ ਦੇ ਵਾਜਬ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।

ਪਦ-ਛੇਦ ਸਰੂਪਾਂ ਦੀ ਬਹੁਤਾਤ ਨੇ, ਗੁਰੂ ਰਚੇ ਲੜੀਦਾਰ ਸਰੂਪਾਂ ਨੂੰ ਜਾਂ ਤਾਂ ਅਲਮਾਰੀਆ ਵਿਚ, ਬੇ-ਲੋੜੇ ਸਮਝ ਕੇ,ਬੰਦ ਕਰਾ ਦਿੱਤਾ ਹੈ, ਅਤੇ ਜਾਂ ਵਧੇਰੇ ਤੌਰ ਤੇ, ਗੋਇੰਦਵਾਲ ਸਾਹਿਬ ਭੇਜ ਕੇ ਬੈਸੰਤਰ ਦੇਵਤੇ ਦੇ ਸਪੁਰਦ ਕਰਾ ਦਿਤਾ ਹੈ। ਇਹ ਹੈ ਗੁਰ-ਕਰਣੀ (ਲੜੀਦਾਰ ਸਰੂਪ) ਦਾ ਹਸ਼ਰ, ਜੋ ਸਾਡੀ ਪਦ-ਛੇਦ ਰੁਚੀ ਨੇ ਸੰਭਵ ਕਰ ਦਿਖਾਇਆ ਹੈ। ਅਫ਼ਸੋਸ। ਅਫ਼ਸੋਸ।। ਅਫ਼ਸੋਸ।।

ਗੱਲ, ਆਖਰ ਨੂੰ ਏਥੇ ਆ ਕੇ ਮੁੱਕਦੀ ਹੈ ਕਿ "**ਜੋਗੁਰੁਕਹੈ ਸੋਈਭਲਮਾਨਹੁ... (੬੬੭)।**" ਇਸ ਦਾ ਭਾਵ ਇਹ ਨਹੀਂ ਕਿ ਗੁਰੂ ਜੀ ਦੇ ਕਹੇ ਨੂੰ ਭਲਾ ਮੰਨੋ ਅਤੇ ਗੁਰੂ ਜੀ ਦੇ ਕੀਤੇ ਨੂੰ ਭਲਾ ਨਾ ਮੰਨੋ। ਦੋਨੋਂ ਹੀ ਗੁਰੂ ਜੀ ਦੀ ਕਥਨੀ ਅਤੇ ਕਰਨੀ, ਸਿਖਾਂ ਦੀ ਅਗਵਾਈ ਲਈ ਹੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਲੜੀਦਾਰ ਸਰੂਪ ਗੁਰ ਕਰਨੀ ਹੈ। ਇਸ ਸਰੂਪ ਨੂੰ ਕਲਗੀਧਰ ਪਾਤਸ਼ਾਹ ਜੀ ਨੇ ਮੱਥਾ ਟੇਕ ਕੇ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਉਤੇ ਸਸ਼ੋਭਤ ਕੀਤਾ। ਇਹ ਸਾਡੇ ਲਈ ਅਗਵਾਈ

ਸੀ, ਇਸ ਦੇ ਲੜ ਲਗੇ ਰਹਿਣ ਲਈ। ਏਸੇ ਤਰ੍ਹਾਂ ਪੰਜਾ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਕਲਗੀਧਰ ਪਾਤਸ਼ਾਹ ਜੀ ਨੇ ਸਾਨੂੰ ਖਾਲਸਾ ਸਜਣ ਸੰਬੰਧੀ ਅਗਵਾਈ ਦਿੱਤੀ। ਸਮਝਦਾਰਾਂ ਲਈ, ਗੁਰਸਿਖਾਂ ਦੀ ਅਗਵਾਈ ਹਿਤ, ਗੁਰ-ਕਰਨੀ ਦੀਆ, ਇਹ ਦੋ ਮਿਸਾਲਾਂ ਹੀ ਕਾਫ਼ੀ ਹਨ।

ਗੁਰਬਾਣੀ ਅੰਦਰ ਥਾਂ-ਥਾਂ ਤੇ ਗੁਰੂ ਜੀ ਦੀ ਵਡਿਆਈ ਅਤੇ ਸਤਿਕਾਰ ਦਾ ਢੰਡੋਰਾ ਹੈ। **ਜੋਤੁਧੁਭਾਵੈਸੋਈਚੰਗਾ..** ।'' ਜੇ ਅਸੀਂ ਇਸ ਤੁਕ ਨੂੰ ਹੀ ਧਿਆਨ ਵਿਚ ਲੈ ਆਈਏ ਅਕਾਲ ਪੁਰਖ ਅਤੇ ਗੁਰੂ ਨੂੰ ਇਕ ਰੂਪ ਸਮਝਦੇ ਹੋਏ, ਇਸ ਤੁਕ ਦਾ ਭਾਵ ਕੁਝ ਇਸ ਪ੍ਰਕਾਰ ਪ੍ਰਤੀਤ ਹੋਵੇਗਾ ਕਿ ਜੋ ਕੁਝ ਭੀ ਅਕਾਲ ਪੁਰਖ ਅਥਵਾ ਗੁਰੂ ਨੂੰ ਭਾਵੇ ਸੋਈ ਚੰਗਾ ਹੈ, ਅਤੇ ਓਹੋ ਕੁਝ ਗੁਰਸਿੱਖਾਂ ਨੂੰ ਭੀ ਚੰਗਾ ਲਗਣਾ ਚਾਹੀਦਾ ਹੈ, ਕਿਉਂਕਿ ਅਸੀਂ ਅਗਵਾਈ ਜੁ ਗੁਰੂ ਪਾਸੋਂ ਹੀ ਲੈਣੀ ਹੋਈ। ਇਸ ਦਲੀਲ ਨੂੰ ਅੱਗੇ ਤੋਰਦਿਆਂ ਹੋਇਆਂ, ਜੇ ਕਲਗੀਧਰ ਪਾਤਸ਼ਾਹ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਦਾਰ ਸਰੂਪ ਭਾਇਆ ਹੈ, ਤਾਂ ਗੁਰਸਿੱਖਾਂ ਨੂੰ ਇਹ ਸਰੂਪ ਕਿਉਂ ਨਾ ਚੰਗਾ ਲੱਗੇ? ਪਦ-ਛੇਦ ਸਰੂਪ ਦੇ ਹਾਮੀਆਂ ਨੂੰ ਇਸ ਤੁਕ ਨੂੰ, ਅੱਖੀਂ ਮੀਟ ਕੇ ਨਹੀਂ ਪੜ੍ਹ ਜਾਣਾ ਚਾਹੀਦਾ।

ਹਾਂ, ਗੁਰਬਾਣੀ ਦੇ ਸ਼ੁੱਧ ਉਚਾਰਨ ਲਈ ਜਿਤਨੇ ਭੀ ਵਾਜਬ ਅਤੇ ਯੋਗ ਉਪਰਾਲੇ ਹੋ ਸਕਣ, ਕਰਨੇ ਚਾਹੀਦੇ ਹਨ ਪਰ ਗੁਰਗੱਦੀ ਦੇ ਮਾਲਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਲਗੀਧਰ-ਭਾਇਆ-ਜੁੜਤ-ਸਰੂਪ (ਲੜੀਦਾਰ ਸਰੂਪ) ਕਾਇਮ ਰਹਿਣਾ ਚਾਹੀਦਾ ਹੈ ਅਤੇ ਰਹੇਗਾ ਭੀ ਕਾਇਮ ਜੁੜਤ ਸਰੂਪ ਹੀ।

**ਜਿਹੜੇ ਪ੍ਰੇਮੀ, ਗੁਰਬਾਣੀ ਦਾ ਪ੍ਰਚਾਰ ਕਰਨ ਹਿਤ, ਦੂਸਰੀਆਂ ਜ਼ਬਾਨਾਂ ਵਿਚ ਗੁਰਬਾਣੀ ਦੇ ਉਪਦੇਸ਼ ਦਾ ਉਲਥਾ ਕਰਨ ਦਾ ਉਤਸ਼ਾਹ ਰੱਖਦੇ ਹਨ, ਉਨ੍ਹਾਂ ਨੇ ਸ਼ਾਇਦ ਇਸ ਗੱਲ ਵਲ ਯੋਗ ਧਿਆਨ ਨਹੀਂ ਦਿਤਾ ਕਿ ਨਾਮ ਅਤੇ ਬਾਣੀ ਹੀ ਕਲਿਆਨ-ਕਾਰੀ ਹੈ, ਇਨ੍ਹਾਂ ਦਾ ਉਲੱਥਾ ਨਹੀਂ। ''ਗੁਰਬਾਣੀਗਾਵਹੁਭਾਈ ।। ਓਹਸਫਲਸਦਾਸੁਖਦਾਈ ਹੈ ਅਤੇ ਸਫਲ ਹੈ। ਗੁਰਬਾਣੀ ਦੇ ਉਲੱਥੇ ਵਿਚ ਇਹ ਅਸਰ ਕਦਾਚਿਤ ਨਹੀਂ ਹੋ ਸਕਦਾ। ਅੰਮ੍ਰਿਤਬਾਣੀਅਮਿਉਰਸੁਅੰਮ੍ਰਿਤਹਰਿਕਾਨਾਉ ''(੯੬੨-੬੩)।। ਗੁਰਬਾਣੀ ਅਤੇ ਨਾਮ ਹੀ ਅੰਮ੍ਰਿਤ-ਰਸ ਹਨ, ਇਹਨਾਂ ਦਾ ਉਲੱਥਾ ਅੰਮ੍ਰਿਤ-ਰਸ ਨਹੀਂ**



**ਬਣ ਸਕਦਾ।**

**ਅਗੰਮੀ-ਕਲਾ ਵਰਤਾਉਣ ਵਾਲਾ ਅੰਮ੍ਰਿਤ, ਸਰਬ-ਲੋਹ ਦੇ ਖੰਡੇ ਬਾਟੇ ਨਾਲ, ਪੰਜ ਬਾਣੀਆਂ ਪੜ੍ਹ ਕੇ ਤਿਆਰ ਹੁੰਦਾ ਹੈ। ਪੰਜ ਬਾਣੀਆਂ ਦਾ ਉਲੱਥਾ ਪੜ੍ਹ ਕੇ ਅੰਮ੍ਰਿਤ ਦਾ ਕਲਾ-ਕ੍ਰਿਸ਼ਮੀ ਬਾਟਾ ਨਹੀਂ ਤਿਆਰ ਹੋ ਸਕਦਾ। ਸਿਖੀ ਪ੍ਰਚਾਰ ਦੇ ਹਾਮੀਆਂ ਨੂੰ ਚਾਹੀਦਾ ਹੈ ਕਿ, ਉਹ ਲੋਕਾਂ ਨੂੰ ਗੁਰਮੁਖੀ ਲਿਖਣ-ਪੜ੍ਹਣ ਵਲ, ਉਨ੍ਹਾਂ ਦੀ ਜ਼ਬਾਨ ਵਿਚ ਪ੍ਰੇਰਨਾ ਕਰਨ, ਤਾਂ ਜੁ ਉਹ ਲੋਕ ਗੁਰਬਾਣੀ ਨੂੰ ਆਪਣੇ ਅਸਲੀ ਰੂਪ ਵਿਚ ਪੜ੍ਹਣ ਅਤੇ ਸਮਝਣ ਦਾ ਉਪਰਾਲਾ ਕਰ ਸਕਣ। ਕੇਵਲ ਇਸ ਪ੍ਰਕਾਰ ਪ੍ਰੇਰਤ ਹੋਈ ਲੁਕਾਈ ਹੀ, ਅੰਮ੍ਰਿਤ ਛਕ ਕੇ, ਨਾਮ ਬਾਣੀ ਨਾਲ ਜੁੜ ਕੇ, ਰੱਬ ਦੀ ਪ੍ਰਾਪਤੀ ਵੱਲ ਕੋਈ ਠੋਸ ਕਦਮ ਚੁੱਕ ਸਕਦੀ ਹੈ। ਐਂਵੇਂ ਨਹੀਂ। ਸਾਡੀਆਂ ਆਪਣੀਆ ਬੇ-ਗਿਣਤ ਨਸਲਾਂ, ਪੰਜਾਬੀ ਬੋਲੀ ਜਾਣ ਵਾਲੀਆਂ ਅਤੇ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਗੁਰਮੁਖੀ ਲਿਖ ਪੜ ਸਕਣ ਵਾਲੀਆਂ, ਨਾਮ ਬਾਣੀ ਤੋਂ ਬਿਲਕੁਲ ਸੁੰਨੀਆਂ ਫਿਰ ਰਹੀਆਂ ਹਨ। ਪਰਚਾਰ ਦੇ ਹਾਮੀ ਇਨ੍ਹਾਂ ਵੱਲ ਕਿਉਂ ਨਹੀਂ ਧਿਆਨ ਕਰਦੇ? ਇਹਨਾਂ ਨੂੰ ਗੁਰਬਾਣੀ ਦੀ ਮਹੱਤਤਾ ਕੌਣ ਸਮਝਾਏਗਾ? ਪਰਚਾਰ ਦਾ ਤਾਂ ਐਂਵੇਂ ਬਹਾਨਾ ਹੀ ਹੈ। ਉਨ੍ਹਾਂ ਦੇ ਮਨ ਵਿਚ ਤਾਂ ਲੜੀਦਾਰ ਸਰੂਪ ਦੀ ਵਿਰੋਧਤਾ ਅਤੇ ਪਦ-ਛੇਦ ਸਰੂਪ ਨੂੰ ਪ੍ਰਚਲਤ ਕਰਨ ਦੀ ਖੁਤਖੁਤੀ ਲਗੀ ਹੋਈ ਹੈ। ਅਜਿਹੇ ਪ੍ਰੇਮੀਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਹ ਸੱਜਣ ਇਸ ਗੱਲ ਨੂੰ ਸਹੀ ਅਰਥਾਂ ਵਿਚ ਸਮਝਣ ਦੀ ਕੋਸ਼ਿਸ਼ ਕਰਨ ਕਿ, 'ਪਦ-ਛੇਦ' ਅਲਪੱਗ ਜੀਵਾਂ ਦੀ ਮਨਮਤਿ ਦੀ ਕਾਢ ਹੈ ਅਤੇ ਲੜੀਦਾਰ (ਜੁੜਤ ਸਰੂਪ) ਸਰਬੱਗ ਗੁਰੂ ਸਾਹਿਬ ਜੀ ਦੀ ਗੁਰਮਤਿ ਕਾਢ ਹੈ। ਸਾਹਿਬਾਂ ਦਾ ਹੁਕਮ ਭੀ ਹੈ ਕਿ-**

**ਮਨਕੀਮਤਿਤਿਆਗਹੁਹਰਿਜਨਏਹਾਬਾਂਤਕਠੈਨੀ ।।੩।। ੫ ।।(੮੦੦)**

ਸੁਆਦ ਭੀ ਤਾਂ ਕਠਨ ਕੰਮ ਦੇ ਕਰਨ ਵਿਚ ਹੀ ਹੋਇਆ ਕਰਦਾ ਹੈ। ਸਹਿਲੇ ਕੰਮ ਨੂੰ ਤਾਂ ਹਾਰੀ ਸਾਰੀ ਹੀ ਹੱਥ ਪਾ ਲੈਂਦੀ ਹੈ। ''**ਮਿਸਲ਼ਫਕੀਰਾ ਗਾਖੜੀਪਾਈਐਪੂਰਕਰੰਮ**''। 'ਤੱਤ' ਸਿੱਖੀ ਨੂੰ ਸਮਝਣ ਦੀ ਅਤੇ ਸਮਝ ਕੇ ਅਪਨਾਉਣ ਦੀ ਲੋੜ ਹੈ। ਸਿੱਖੀ ਨੂੰ ਔਖ ਅਤੇ ਸੌਖ ਦੇ ਜ਼ਾਵੀਏ ਤੋਂ ਨਹੀਂ ਵਿਚਾਰਨਾ ਚਾਹੀਦਾ। ਸਿੱਖੀ ਦਾ ਪਰਚਾਰ ਗੱਲੀਂ ਬਾਤੀ ਨਹੀਂ ਹੋ ਸਕਦਾ। ਇਹ ਪਰਚਾਰ ਤਾ ਸਿੱਖੀ ਜੀਵਨ ਜੀਉ ਕੇ ਹੀ ਹੋ ਸਕਦਾ ਹੈ। ਸਿੱਖੀ ਨੂੰ ਸੌਖੀ ਬਣਾਈ

ਜਾਣ ਵਾਲਿਆ ਨੇ, ਦੇਖੋ ਸਿੱਖੀ ਰਹਿਤ ਦਾ ਕੀ ਹਾਲ ਕਰ ਦਿਖਾਇਆ ਹੈ ? ਕਿਰਪਾਨ ਛੋਟੀ ਹੁੰਦੀ ਹੁੰਦੀ ਅੱਧੀ ਇੰਚ ਤੱਕ ਪਹੁੰਚ ਗਈ ਹੈ। ਵਿਚਾਰੀ ਕਿਰਪਾਨ ਮਿਆਨ ਅਤੇ ਗਾਤਰੇ ਤੋਂ ਖਲਾਸੀ ਪਾਉਂਦੀ ਹੋਈ ਧਾਗੇ ਰਾਹੀਂ ਹੋ ਕੇ ਕੰਘੇ ਵਿਚ ਜਾ ਸਮਾਈ ਹੈ। ਕਛਹਿਰਾ ਆਪਣਾ ਖਾਲਸਈ ਰੂਪ ਤਿਆਗ ਕੇ ਪੱਛਮੀ ਸਭਿਅਤਾਦੇ ਅਸਰ ਅਧੀਨ ਕੁਝ ਦਾ ਕੁਝ ਬਣ ਗਿਆ ਹੈ। ਕੜੇ ਦੇ ਜੰਗਾਲ ਤੋਂ ਬਚਣ ਲਈ ਅਸੀਂ ਇਸ ਦੇ ਅਸਲੀ ਤੱਤ ਤੋਂ ਹੀ ਹੱਥ ਧੋ ਬੈਠੇ ਹਾਂ। ਕੰਘਾ ਕੇਵਲ ਬਰਾਏ ਰਹਿਤ ਹੀ ਰਹਿ ਗਿਆ ਹੈ, ਕੇਸਾਂ ਦੀ ਸੇਵਾ ਲਈ ਨਹੀਂ, ਕੇਵਲ ਕੰਘੀਆਂ ਹੀ ਵਰਤਦੇ ਹਾਂ। ਕੇਸਕੀ (ਕੇਸਕੀ) ਨੂੰ ਪਹਿਰਨਾ ਤਾਂ ਇਕ ਪਾਸੇ ਰਿਹਾ,ਸਾਡੇ ਮਨਾਂ ਵਿਚ ਕੇਸਕੀ ਵਾਸਤੇ ਨਫ਼ਰਤ ਨੇ ਆ ਕੇ ਵਾਸਾ ਕਰ ਲਿਆ ਹੈ। ਇਹੋ ਹੀ ਹਾਲ ਅੰਮ੍ਰਿਤ ਵੇਲੇ ਦੇ ਉਠਣ ਦਾ ਹੈ। ਉਠਣ ਦੇ ਕਈ ਬਹਾਨੇ ਬਣਾ ਕੇ ਆਪਣੀ ਜਗ੍ਹਾ ਮਿੱਠੀ ਨੀਂਦੇ ਸੌਣ ਨੂੰ ਦੇ ਦਿੱਤੀ ਜਾਂਦੀ ਹੈ। ਜਿਹੜਾ ਪਰਚਾਰ ਸਾਨੂੰ ਆਪ ਕਰਨਾ ਚਾਹੀਦਾ ਸੀ, ਉਹ ਅਸਾਂ ਫ਼ਿਲਮੀ ਐਕਟਰਾਂ ਦੇ ਹਵਾਲੇ ਕਰ ਦਿੱਤਾ ਹੈ। ਭਾਵ ਕਿ ਹਰ ਪਹਿਲੂ ਤੋਂ ਸੌਖ ਤੇ ਆਰਾਮ ਹੀ ਸਾਡਾ ਨਿਸ਼ਾਨਾ ਬਣ ਗਿਆ ਹੈ। ਹੋਰ ਬਹੁਤੀ ਚਰਚਾ ਕੀ ਕਰਨੀ ਹੈ।

“**ਕੋਈਆਇਮਿਲੈਗੋਗਾਹਕੀਲੇਗੋਮਹਗੋਮੋਲਿ ।।**” **(੧੩੧੯)**

ਦਾਸ ਵਾਧ ਘਾਟ ਵਲੋਂ ਸੰਗਤਾਂ ਪਾਸੋਂ ਖਿਮਾ ਦਾ ਜਾਚਕ ਹੈ।

ਵਾਹਿਗੁਰੂ ਜੀ ਦਾ ਖਾਲਸਾ ਵਾਹਿਗੁਰੂ ਜੀ ਦੀ ਫਤਹ ।



## ਉਪਰਾਲਾ-੯

# ਜੋਗੁਰੁਹੈਸੋਈਭਲੁਮਾਨਹੁ

ਕਈ ਸੱਜਣ ਮਹਿਸੂਸ ਕਰਦੇ ਹਨ ਕਿ ਜਗਤ ਵਿਚ ਗੁਰਬਾਣੀ ਦੇ ਪਰਚਾਰ ਲਈ ਦੁਨੀਆਂ ਦੀਆਂ ਬਹੁਤ ਸਾਰੀਆਂ ਬੋਲੀਆਂ ਵਿਚ, ਗੁਰਬਾਣੀ ਦਾ ਉਲੱਥਾ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਦੁਨੀਆਂ ਦੇ ਲੋਕਾਂ ਨੂੰ ਸਿੱਖ ਧਰਮ ਬਾਰੇ ਗਿਆਨ ਹੋ ਸਕੇ ਅਤੇ ਉਹ ਲੋਕ ਗੁਰਬਾਣੀ ਦਾ ਲਾਭ ਉਠਾ ਸਕਣ। ਦੂਸਰੀਆਂ ਬੋਲੀਆਂ ਵਿਚ ਉਲੱਥਾ ਕਰਨ ਲਈ ਇਹ ਜ਼ਰੂਰੀ ਹੈ ਕਿ ਗੁਰਬਾਣੀ ਨੂੰ ਪਦ-ਛੇਦ ਸਰੂਪ ਵਿਚ ਲਿਆਂਦਾ ਜਾਏ। ਇਸ ਉਪਰਾਲੇ ਤੋਂ ਬਿਨਾਂ ਗੁਰਬਾਣੀ ਦਾ ਉਲੱਥਾ ਹੋਣਾ ਕਠਨ ਹੈ। ਇਨ੍ਹਾਂ ਸੱਜਣਾਂ ਦਾ ਵਿਚਾਰ ਹੈ ਕਿ ਅਜਿਹੇ ਉਪਰਾਲੇ ਲਈ ਬੀਤੇ ਸਮੇਂ ਦੇ ਅਨੁਭਵਤਾ ਰੱਖਣ ਵਾਲੇ ਗੁਰਮੁਖਾਂ ਦੀਆਂ ਲਿਖਤਾਂ, ਸੂਝਵਾਨਾਂ ਦੇ ਟੀਕੇ ਅਤੇ ਮੌਜੂਦਾ ਸਮੇਂ ਦੇ ਸੁਲਝੇ ਹੋਏ ਗਿਆਨਵਾਨਾਂ ਦੀ ਵਿਚਾਰਧਾਰਾ ਦਾ ਲਾਭ ਉਠਾ ਕੇ, ਜ਼ਿਆਦਾ ਤੋਂ ਜ਼ਿਆਦਾ ਸ਼ੁਧ ਸ਼ਬਦ-ਨਿਖੇੜ ਦੇ ਅਧਾਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਦ-ਛੇਦ ਸਰੂਪ ਤਿਆਰ ਕੀਤਾ ਜਾਣਾ ਚਾਹੀਦਾ ਹੈ।

ਸੰਸਾਰ ਭਰ ਵਿਚ ਗੁਰਬਾਣੀ ਪ੍ਰਚਾਰਨ ਦੇ ਖਿਆਲ ਮੁਬਾਰਕ ਹਨ, ਪਰ ਗੁਰਬਾਣੀ ਦੀਆਂ ਸਰਬ-ਕਾਲੀ ਤੇ ਸਰਬ-ਦੇਸੀ ਸਚਾਈਆਂ ਦੀ ਟੋਹ ਮਾਤਰ ਹੀ ਦੂਸਰੀਆ ਬੋਲੀਆ ਵਿਚ ਦਿਤੀ ਜਾ ਸਕਦੀ ਹੈ। ਗੁਰਬਾਣੀ ਦੇ ਮਹਾਨ ਭਾਵਾਂ ਨੂੰ ਸਹੀ ਰੂਪ ਵਿਚ ਕਿਸੇ ਤਰਜਮੇ ਵਿਚ ਜਾਂ ਕਿਸੇ ਹੋਰ ਬੋਲੀ ਵਿਚ ਦਰਸਾਇਆ ਨਹੀਂ ਜਾ ਸਕਦਾ। ਅਤੇ ਨਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ-ਕਲਾ ਨੂੰ ਪ੍ਰਵੇਸ਼ ਕੀਤਾ ਜਾ ਸਕਦਾ ਹੈ। ਸੋ ਐਸੇ ਪ੍ਰੇਮੀਆਂ ਅਤੇ ਗੁਰਬਾਣੀ ਤੇ ਆਸ਼ਕਾਂ ਪਾਸ ਬਿਨੈ ਹੈ ਕਿ ਮਨੁਖ ਮਾਤਰ ਨੂੰ ਉਨ੍ਹਾਂ ਦੀ ਬੋਲੀ ਵਿਚ ਗੁਰਮਤਿ ਦੀ ਵਿਲੱਖਣਤਾ ਅਤੇ ਉਚੱਤਾ ਬਾਰੇ ਰੌਸ਼ਨੀ ਬੇਸ਼ਕ ਪਾਉਣ, ਪਰ ਨਾਲ ਹੀ ਉਨ੍ਹਾਂ ਨੂੰ ਪ੍ਰੇਰਨ ਕਿ ਜੇ ਸਹੀ ਅਰਥਾਂ ਵਿਚ ਪ੍ਰਭੂ-ਮਿਲਾਪ ਦੀਆਂ ਪਉੜੀਆਂ ਤੇ ਚੜ੍ਹਨਾ ਲੋਚਦੇ ਹੋ ਤਾਂ ਪੰਜਾਬੀ (ਗੁਰਮੁਖੀ) ਸਿਖੋ ਅਤੇ ਉਸ ਮਹਾਨ ਰਚਨਾ ਨਾਲ ਅਸਲੀ ਰੂਪ ਵਿਚ ਜੁੜੋ, ਤਾਂ ਹੀ ਸਹੀ ਅਰਥਾਂ ਵਿਚ ਨਾਮ-ਅੰਮ੍ਰਿਤ ਦੀ

ਸੋਝੀ ਪੈ ਸਕਦੀ ਹੈ।

ਸਿੱਖ ਧਰਮ ਦੇ ਪ੍ਰਚਾਰ ਦਾ ਦੂਸਰਾ ਪਹਿਲੂ ਇਹ ਹੈ। ਅਕਾਲ ਪੁਰਖ ਨੇ ਆਪਣੇ ਧੁਰ-ਧੁਰੰਦਰੀ ਪ੍ਰੋਗਰਾਮ ਅਨੁਸਾਰ,ਕਲਜੁਗ ਜੀਵਾਂ ਦੇ ਉਧਾਰ ਲਈ, ਇਕ ਦਾਇਮੀ ਮਾਰਗ ਚਲਾਉਣਾ ਸੀ, ਜਿਸ ਮਾਰਗ ਤੇ ਚੱਲ ਕੇ ਪ੍ਰਮਾਤਮਾ ਦਾ ਮੇਲ ਸੰਭਵ ਹੋ ਸਕੇ। ਇਸ ਮਾਰਗ ਦੀ ਅਗਵਾਈ,ਧੁਰ ਕੀ ਬਾਣੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਕਰਨੀ ਸੀ, ਅਤੇ ਖੰਡੇ ਦੀ ਪਾਹੁਲ ਰਾਹੀਂ,ਰਹਿੰਦੀ ਦੁਨੀਆਂ ਤੱਕ, ਸੰਸਾਰੀਆਂ ਨੂੰ ਇਸ ਮਾਰਗ ਤੇ ਲਿਆਉਣ ਲਈ, ਪੰਜਾਂ ਪਿਆਰਿਆਂ ਦਾ ਧੁਰਵਾ ਕਾਇਮ ਕਰਨਾ ਸੀ।

ਸੋ ਇਸ ਲੋੜ ਨੂੰ ਅਕਾਲ ਪੁਰਖ ਨੇ ਆਪ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ (**ਪਾਰਬ੍ਰਹਮਗੁਰਨਾਹੀਭੇਦੁ-੧੧੪੨**) ਦਸ ਜਾਮੇ ਧਾਰ ਕੇ ਪੂਰਾ ਕੀਤਾ। ਕਲਗੀਧਰ ਪਾਤਸ਼ਾਹ ਜੀ ਨੇ ੧੬੯੯ ਈਸਵੀ ਵਿਚ ਪੰਜ ਪਿਆਰਿਆਂ ਦੀ ਸਾਜਨਾ ਸਾਜੀ। ਉਨ੍ਹਾਂ ਨੇ ਮਨੁਖੀ ਜਾਮੇ ਵਿਚ ਵਿਚਰਦਿਆਂ ਹੋਇਆਂ ਤਕਰੀਬਨ ਨੌ ਬਰਸ ਤਕ ਇਸ ਪੂਰਨ ਜੁਗਤੀ ਨੂੰ ਤੱਕਿਆ। ੧੭੦੮ ਈਸਵੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਨੂੰ ਗੁਰ-ਗੱਦੀ ਬਖਸ਼ ਕੇ, ਕਲਗੀਧਰ ਪਾਤਸ਼ਾਹ ਜੀ ਆਪ,ਜੋਤੀ ਜੋਤਿ ਸਮਾ ਗਏ।

**ਇਹ ਤਾਂ ਮੰਨਣਯੋਗ ਗੱਲ ਨਹੀਂ ਕਿ ਅਕਾਲ ਪੁਰਖ, ਜਿਸ ਦਾ ਕੀਤਾ, ਸਭ ਕੁਝ ਪੂਰਾ ਹੈ, ਅਤੇ ਜਿਸ ਦੀ ਕਰਨੀ ਵਿਚ ਕੋਈ ਵਾਧ ਘਾਟ ਨਹੀਂ ਹੈ, ਉਸ ਨੂੰ ਇਹ ਭੀ ਨਾ ਪਤਾ ਹੋਵੇ ਕਿ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ, ਜਿਨ੍ਹਾਂ ਨੇ ਰਹਿੰਦੀ ਦੁਨੀਆਂ ਤਕ, ਪੰਥ ਦੀ ਅਗਵਾਈ ਕਰਨੀ ਹੈ, ਉਨ੍ਹਾਂ ਦਾ ਲੜੀਦਾਰ ਸਰੂਪ ਯੋਗ ਰਹੇਗਾ, ਜਾਂ ਕਿ ਪਦ-ਛੇਦ ਸਰੂਪ ਠੀਕ ਰਹੇਗਾ। ਜਿਹੜੇ ਸਿੱਖ ਕਲਗੀਧਰ ਪਾਤਸ਼ਾਹ ਜੀ ਦੇ, ਗੁਰਗੱਦੀ ਤੇ ਸਥਾਪਤ ਕੀਤੇ ਗਏ ਲੜੀਦਾਰ ਸਰੂਪ ਨੂੰ ਤਿਆਗ ਕੇ, ਪਦ ਛੇਦ ਸਰੂਪ ਨੂੰ ਮੁਹਰੇ ਲਿਆ ਰਹੇ ਹਨ, ਬਾਜਾਂ ਵਾਲੇ ਸਤਿਗੁਰੂ ਜੀ ਇਨ੍ਹਾਂ ਨੂੰ ਕਿਹੋ ਜਿਹੇ ਸਿੱਖ ਸਮਝਦੇ ਹੋਣਗੇ ? ਕੀ ਪਦ-ਛੇਦ ਸਰੂਪ ਨੂੰ ਲੜੀਦਾਰ ਪਾਤਸ਼ਾਹ ਜੀ ਦੇ ਸਤਿਕਾਰ ਨੂੰ ਵਧਾਉਣਾ ਕਹਿਲਾਏਗਾ ਜਾਂ ਕਿ ਛੁਟਿਆਉਣਾ ਕਹਿਲਾਏਗਾ ?**



ਗੁਰਬਾਣੀ ਦਾ ਹੁਕਮ ਹੈ "**ਹੋਹੁਸਾਵਧਾਨਆਪਣੇਗੁਰਸਿਉ** (੮੯੫)।।" ਭਾਵ,ਕਿ ਐ ਗੁਰਸਿੱਖ, ਗੁਰੂ ਮੂਹਰੇ (Attention) ਅਹਿੱਲ ਹੋ ਕੇ ਖੜ ਜਾ, ਆਪਣੀ ਮਰਜੀ ਨਾਲ ਬਿਲਕੁਲ ਹਰਕਤ ਵਿਚ ਨਾ ਆ, ਗੁਰੂ ਦੇ ਹੁਕਮ ਦੀ ਇੰਤਜ਼ਾਰ ਕਰ ਅਤੇ ਹੁਕਮ ਮਿਲਦਿਆ ਸਾਰ ਹੀ ਉਸ ਤੇ ਅਮਲ ਕਰ। ਨਾ ਕਿ, ਗੁਰੂ ਦੀ ਨੁਕਤਾਚੀਨੀ ਕਰਕੇ ਆਪਣੇ ਆਪ ਨੂੰ ਜ਼ਿਆਦਾ ਸਿਆਣਾ ਦੱਸਣ ਦਾ ਯਤਨ ਕਰ। ਪਦ-ਛੇਦ ਸਰੂਪ ਦਾ ਵਜੂਦ ਹੀ, ਗੁਰੂ-ਕਰਨੀ (ਲੜੀਦਾਰ ਸਰੂਪ) ਦੀ ਨੁਕਤਾਚੀਨੀ ਦਾ ਸਬੂਤ ਹੈ। ਗੁਰੂ ਜੀ ਦੀ ਨੁਕਤਾ-ਚੀਨੀ ਕਰਨ ਵਾਲਿਆਂ ਪ੍ਰਥਾਇ ਗੁਰੂ ਜੀ ਫੁਰਮਾਉਂਦੇ ਹਨ :-

੧. **ਜੇਗੁਰੁਗੋਪੇਆਪਣਾਸੁਭਲਾਨਾਹੀਪੰਚਹੁ ਓਨਿਲਾਹਾਮੂਲੁਸਭੁਗਵਾਇਆ।।੨।।੮।। (੩੦੪)**

੨. **ਜਿਨਿਗੁਰੁਗੋਪਿਆਆਪਣਾਤਿਸੁਠਉਰਨਠਾਉ।। ਹਲਤੁਪਲਤੁਦੋਵੈਗਏਦਰਗਹਨਾਹੀਥਾਉ।।੧।।੧੬।।੩੧੪)**

੩. **ਜਿਨਾਗੁਰੁਗੋਪਿਆਆਪਣਾਤੇਨਰਬੁਰਿਆਰੀ।। ਹਰਿਜੀਉਤਿਨਕਾਦਰਸਨੁਨਕਰਹੁਪਾਪਿਸਟਹਤਿਆਰੀ ।।੨੩।। (੬੫੧)**

ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ।

ਇਨ੍ਹਾਂ ਤੁਕਾਂ ਅੰਦਰ ਗੁਰੂ ਨੂੰ ਗੋਪਣ ਦਾ ਭਾਵ ਹੈ, ਕਿ ਗੁਰੂ ਨੂੰ ਪਿਛਾਂਹ ਕਰਨਾ (ਅਥਵਾ; ਗੁਰੂ ਦੀ ਮਹੱਤਤਾ ਘਟਾਉਣਾ) ਅਤੇ ਆਪਣੀ ਅਕਲ ਨੂੰ ਗੁਰੂ ਦੀ ਅਕਲ ਨਾਲੋਂ ਚੰਗਾ ਸਮਝ ਕੇ, ਆਪ ਮੂਹਰੇ ਹੋਣਾ। ਗੁਰੂ ਦੀ ਕਿਰਤ ਨੂੰ ਪਿਛਾਂਹ ਕਰਨ ਵਾਲਾ 'ਭਲਾ ਪੁਰਸ਼' ਨਹੀਂ ਕਹੀਦਾ। ਉਪਰ ਦਰਸਾਈਆਂ ਤੁਕਾਂ ਦਾ ਭਾਵ ਬੜਾ ਹੀ ਸਪੱਸ਼ਟ ਹੈ। ਇਨ੍ਹਾਂ ਦਾ ਅਰਥ ਕਰਨੋਂ ਕਲਮ ਕੰਬਦੀ ਹੈ। ਗੁਰੂ ਬਖਸ਼ੇ।